@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 30 January 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 30 ਜਨਵਰੀ 2025, 15 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 80, qpatrika@gmail.com ਫੋਨ : 9971359517 www.qaumipatrika.org

ਜੰਮੂ-ਕਸ਼ਮੀਰ: ਰਾਜੌਰੀ 'ਚ ਅੱਤਵਾਦੀਆਂ ਦੇ 25 ਟਿਕਾਣਿਆਂ 'ਤੇ ਕੀਤੀ ਗਈ ਛਾਪੇਮਾਰੀ

ਰਾਜੌਰੀ/ਜੰਮੂ 29 ਜਨਵਰੀ। ਜੰਮੂ-ਕਸਮੀਰ ਪੁਲਸ ਨੇ ਬੁੱਧਵਾਰ ਨੂੰ ਕੰਟਰੋਲ ਰੇਖਾ ਦੇ ਪਾਰੋਂ ਕੰਮ ਕਰ ਰਹੇ ਅੱਤਵਾਦੀਆਂ ਦੇ 25 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਇਸ ਗੱਲ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜੇ ਵਾਲੇ ਕਸਮੀਰ (ਪੀਓਕੇ) ਤੋਂ ਕੰਮ ਕਰ ਰਹੇ ਅੱਤਵਾਦੀਆਂ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਤਹਿਤ ਦਰਜ ਮਾਮਲਿਆਂ ਦੀ ਜਾਂਚ ਦੇ ਹਿੱਸੇ ਵਜੋਂ ਸਰਹੱਦੀ ਜਿ?ਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਛਾਪੇ ਮਾਰੇ ਗਏ। ਉਨ੍ਹਾਂ ਕਿਹਾ ਕਿ ਕੇਂਦਰੀ ਰਿਜਰਵ ਪੁਲਸ ਫੋਰਸ (ਸੀਆਰਪੀਐਫ) ਦੇ ਜਵਾਨਾਂ ਨੇ ਕਾਰਵਾਈ ਦੌਰਾਨ ਪੁਲਸ ਦੀ ਸਹਾਇਤਾ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਸਹਿਰ ਦੇ ਨੇੜੇ ਟੁੰਡੀ ਤਰਾਰ ਵਿਖੇ ਇਫਤਿਖਾਰ ਹੁਸੈਨ ਅਤੇ ਉਸਦੇ ਭਰਾ ਮੁਹੰਮਦ ਪਰਵਾਜ ਦੇ ਘਰਾਂ 'ਤੇ ਸਵੇਰੇ 9.50 ਵਜੇ ਛਾਪੇਮਾਰੀ ਕੀਤੀ ਗਈ ਪਰ ਇੱਕ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਛਾਪੇਮਾਰੀ ਦੌਰਾਨ ਕੁਝ ਵੀ ਬਰਾਮਦ ਨਹੀਂ ਹੋਇਆ। ਉਹਨਾਂ ਨੇ ਕਿਹਾ ਕਿ ਦੋਵਾਂ ਦਾ ਇਕ ਹੋਰ ਭਰਾ ਮੁਹੰਮਦ ਅਸਗਰ ਉਰਫ 'ਬਿੱਲਾ' ਉਰਫ 'ਕਾਕਾ' ਇੱਕ ਅੱਤਵਾਦੀ ਹੈ, ਜੋ ਕੰਟਰੋਲ ਰੇਖਾ ਦੇ ਪਾਰ ਤੋਂ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਛਾਪੇਮਾਰੀ ਅਜੇ ਵੀ ਜਾਰੀ ਹੈ। ਇੱਕ ਦਿਨ ਪਹਿਲਾਂ, ਸੁਰੱਖਿਆ ਬਲਾਂ ਨੇ ਜੰਮੂ ਵਿੱਚ ਲਗਭਗ 24 ਥਾਵਾਂ 'ਤੇ ਇੱਕ ਵੱਡੇ ਪੈਮਾਨੇ 'ਤੇ ਛਾਪੇਮਾਰੀ ਮੁਹਿੰਮ ਚਲਾਈ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਮਹਾਕੁੰਭ ਹਾਦਸੇ ਨੂੰ ਦੱਸਿਆ ਬੇਹੱਦ ਦੁਖਦ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 29 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਤੜਕੇ ਮਹਾਕੁੰਭ ਦੌਰਾਨ ਹੋਈ ਭਾਜੜ ਦੀ ਘਟਨਾ ਨੂੰ 'ਬੇਹੱਦ ਦੁਖਦ' ਕਰਾਰ ਦਿੱਤਾ ਅਤੇ ਲੋਕਾਂ ਦੀ ਮੌਤ 'ਤੇ ਹਮਦਰਦੀ ਜਤਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਗੱਲ ਕੀਤੀ ਹੈ ਅਤੇ ਉਹ ਲਗਾਤਾਰ ਸੂਬਾ ਸਰਕਾਰ ਦੇ ਸੰਪਰਕ 'ਚ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਪ੍ਰਯਾਗਰਾਜ ਮਹਾਕੁੰਭ 'ਚ ਹੋਇਆ ਹਾਦਸਾ ਬੇਹੱਦ ਦੁਖਦ ਹੈ। ਇਸ 'ਚ ਜਿਹੜੇ ਸ਼ਰਧਾਲੂਆਂ ਨੇ ਆਪਣੇ ਪਰਿਵਾਰ ਵਾਲਿਆਂ ਨੂੰ ਗੁਮਾਇਆ ਹੈ, ਉਨ੍ਹਾਂ ਦੇ ਪ੍ਰਤੀ ਮੇਰੀ ਡੂੰਘੀ ਹਮਦਰਦੀ। ਇਸ ਦੇ ਨਾਲ ਹੀ ਮੈਂ ਸਾਰੇ ਜਖਮੀਆਂ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕਰਦਾ ਹਾਂ।" ਉਨ੍ਹਾਂ ਕਿਹਾ ਕਿ ਸਥਾਨਕ ਪ੍ਰਸ਼ਾਸਨ ਪੀੜਤਾਂ ਦੀ ਹਰ ਸੰਭਵ ਮਦਦ 'ਚ ਜੁਟਿਆ ਹੋਇਆ ਹੈ। ਪੀ.ਐੱਮ. ਮੋਦੀ

ਨੇ ਕਿਹਾ ਕਿ ਇਸ ਸਿਲਸਿਲੇ 'ਚ ਉਨ੍ਹਾਂ ਨੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਗੱਲਬਾਤ ਕੀਤੀ ਹੈ ਅਤੇ ਉਹ ਲਗਾਤਾਰ ਸੂਬਾ ਸਰਕਾਰ ਦੇ ਸੰਪਰਕ 'ਚ ਹਨ। ਮੌਨੀ ਮੱਸਿਆ 'ਤੇ ਅੰਮ੍ਰਿਤ ਇਸ਼ਨਾਨ ਮਹਾਕੁੰਭ ਦਾ ਸਭ ਤੋਂ ਵੱਧ ਮਹੱਤਵਪੂਰਨ ਆਯੋਜਨ ਹੁੰਦਾ ਹੈ ਅਤੇ ਇਸ 'ਚ ਕਰੀਬ 10 ਕਰੋੜ ਲੋਕਾਂ ਦੇ ਗੰਗਾ 'ਚ ਡੁਬਕੀ ਲਗਾਉਣ ਦੀ ਸੰਭਾਵਨਾ ਹੈ। ਇਸ ਸਾਲ 144 ਸਾਲ ਬਾਅਦ 'ਤ੍ਰਿਵੇਣੀ ਯੋਗ' ਨਾਮੀ ਇਕ ਦੁਰਲੱਭ ਖਗੋਲੀਯ ਸੰਜੋਗ ਬਣ ਰਿਹਾ ਹੈ, ਜੋ ਇਸ ਦਿਨ ਦੇ ਅਧਿਆਤਮਿਕ ਮਹੱਤਵ ਨੂੰ ਹੋਰ ਵਧਾ ਰਿਹਾ ਹੈ। ਅੱਧੀ ਰਾਤ ਤੋਂ ਬਾਅਦ ਲਗਭਗ 2 ਵਜੇ ਕੁੰਭ ਮੇਲਾ ਖੇਤਰ 'ਚ ਲਾਊਡਸਪੀਕਰ ਤੋਂ ਗੂੰਜਦੇ ਮੰਤਰਾਂ ਅਤੇ ਸ਼ਲੋਕਾਂ ਦੇ ਲਗਾਤਾਰ ਉਚਾਰਨ ਵਿਚਾਲੇ ਭਾਜੜ ਵਰਗੀ ਸਥਿਤੀ ਪੈਦਾ ਹੋਣ ਤੋਂ ਬਾਅਦ ਸੰਗਮ ਵੱਲ ਦੌੜਦੀ ਐਂਬੂਲੈਂਸ ਅਤੇ ਪੁਲਸ ਵਾਹਨਾਂ ਦੇ ਤੇਜ ਸਾਇਰਨ ਦੀਆਂ ਆਵਾਜ ਗੂੰਜ ਉਠੀਆਂ। ਜਖਮੀਆਂ ਨੂੰ ਮੇਲਾ ਖੇਤਰ 'ਚ ਬਣੇ ਕੇਂਦਰੀ ਹਸਪਤਾਲ 'ਚ ਲਿਜਾਇਆ ਗਿਆ।

ਵਿਧਾਨ ਸਭਾ ਦੇ ਬਜਟ ਸੈਸ਼ਨ ਨੂੰ ਲੈ ਕੇ ਹੋਈ ਸਰਬ ਪਾਰਟੀ ਦੀ ਮੀਟਿੰਗ

ਜੈਪੁਰ 29 ਜਨਵਰੀ। ਰਾਜਸਥਾਨ ਵਿਧਾਨ ਸਭਾ ਦੇ ਆਉਣ ਵਾਲੇ ਬਜਟ ਸੈਸਨ ਤੋਂ ਪਹਿਲਾਂ ਬੁੱਧਵਾਰ ਨੂੰ ਇੱਥੇ ਹੋਈ ਸਰਬ-ਪਾਰਟੀ ਮੀਟਿੰਗ ਵਿੱਚ ਮੁੱਖ ਮੰਤਰੀ ਭਜਨਲਾਲ ਸਰਮਾ ਅਤੇ ਵਿਰੋਧੀ ਧਿਰ ਦੇ ਨੇਤਾ ਟੀਕਾਰਾਮ ਜੂਲੀ ਸਮੇਤ ਹੋਰ ਨੇਤਾ ਸਾਮਲ ਹੋਏ। ਵਿਧਾਨ ਸਭਾ ਸਪੀਕਰ ਵਾਸੂਦੇਵ ਦੇਵਨਾਨੀ ਦੀ ਪ੍ਰਧਾਨਗੀ ਹੇਠ ਹੋਈ ਸਰਬ ਪਾਰਟੀ ਮੀਟਿੰਗ ਵਿੱਚ ਸੰਸਦੀ ਮਾਮਲਿਆਂ ਦੇ ਮੰਤਰੀ ਜੋਗਾਰਾਮ ਪਟੇਲ, ਸਰਕਾਰੀ ਮੁੱਖ ਵ੍ਹਿਪ ਜੋਗੇਸਵਰ ਗਰਗ, ਕਾਂਗਰਸ ਵਿਧਾਇਕ ਦਲ ਦੇ ਮੁੱਖ ਵ੍ਹਿਪ ਰਫੀਕ ਖਾਨ ਵੀ ਮੌਜੂਦ ਸਨ। ਰਾਜਸਥਾਨ ਦੀ 16ਵੀਂ ਵਿਧਾਨ ਸਭਾ ਦਾ ਤੀਜਾ ਸੈਸਨ 31 ਜਨਵਰੀ ਤੋਂ ਸ਼ੁਰੂ ਹੋਵੇਗਾ। ਸੈਸਨ ਦੀ ਸ਼ੁਰੂਆਤ ਰਾਜਪਾਲ ਹਰੀਭਾਊ ਬਾਗੜੇ ਦੇ ਭਾਸਣ ਨਾਲ ਹੋਵੇਗੀ। ਰਾਜਪਾਲ ਦੇ ਭਾਸਣ 'ਤੇ ਧੰਨਵਾਦ ਪ੍ਰਸਤਾਵ 'ਤੇ 3, 5 ਅਤੇ 6 ਫਰਵਰੀ ਨੂੰ ਚਰਚਾ ਕੀਤੀ ਜਾਵੇਗੀ। ਸਰਕਾਰ ਵਲੋਂ 7 ਫਰਵਰੀ ਨੂੰ ਇਸ ਦਾ ਜਵਾਬ ਦਿੱਤਾ ਜਾਵੇਗਾ। 8 ਤੋਂ 18 ਫਰਵਰੀ ਤੱਕ ਸਦਨ ਵਿੱਚ ਛੁੱਟੀ ਰਹੇਗੀ ਅਤੇ ਬਜਟ 19 ਫਰਵਰੀ ਨੂੰ ਪੇਸ ਕੀਤਾ ਜਾਵੇਗਾ। ਸਰਕਾਰੀ ਬੁਲਾਰੇ ਅਨੁਸਾਰ ਮੁੱਖ ਮੰਤਰੀ ਸਰਮਾ ਨੇ ਮੀਟਿੰਗ ਵਿੱਚ ਸਾਮਲ ਹੋਣ ਤੋਂ ਬਾਅਦ ਵਿਧਾਨ ਸਭਾ ਦੀ ਨਵੀਂ ਇਮਾਰਤ ਦਾ ਨਿਰੀਖਣ ਕੀਤਾ। ਸਰਮਾ ਨੇ ਵਿਧਾਨ ਸਭਾ ਵਿੱਚ ਹੋਏ ਡਿਜੀਟਲਾਈਜੇਸਨ ਅਤੇ ਹੋਰ ਨਵੀਨਤਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਦੇ ਨਾਲ ਹੀ ਨੈਸਨਲ ਈ-ਵਿਧਾਨ ਐਪਲੀਕੇਸਨ () ਦੇ ਤਹਿਤ ਵਿਧਾਇਕਾਂ ਦੀਆਂ ਸੀਟਾਂ 'ਤੇ ਆਈਪੈਡ ਲਗਾਏ ਗਏ ਹਨ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਟੇਲ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਸਰਕਾਰ ਸੈਸਨ ਦੌਰਾਨ ਵਿਰੋਧੀ ਧਿਰ ਵੱਲੋਂ ਉਠਾਏ ਗਏ ਮੁੱਦਿਆਂ ਦਾ ਤੱਥਾਂ ਨਾਲ ਤੁਰੰਤ ਜਵਾਬ ਦੇਵੇਗੀ।

ਪੰਜਾਬ ਸਰਕਾਰ ਨੇ ਜਾਰੀ ਕੀਤੀ ਕਰੋੜਾਂ ਦੀ ਰਾਸ਼ੀ

ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 29 ਜਨਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ। ਇਸ ਦਾ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਰ੍ਹੇ ਦੌਰਾਨ 12.66 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸੀਰਵਾਦ ਸਕੀਮ ਤਹਿਤ ਜਿ?ਲ੍ਹਾ ਬਰਨਾਲਾ, ਫਰੀਦਕੋਟ, ਫਿਰੋਜਪੁਰ, ਫਤਹਿਗੜ੍ਹ ਸਾਹਿਬ, ਫਾਜਿ?ਲਕਾ, ਗੁਰਦਾਸਪੁਰ, ਹੁਸਿ?ਆਰਪੁਰ, ਜਲੰਧਰ, ਮਾਨਸਾ, ਪਟਿਆਲਾ, ਰੂਪਨਗਰ,

ਐੱਸ.ਏ.ਐੱਸ ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਦੇ ਸਾਲ 2023-24 ਅਤੇ ਸਾਲ 2024-25 ਦੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਜੋ ਕਿ ਸਾਲ 2024-25 ਦੌਰਾਨ ਅਸੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ, ਦੇ ਲਾਭਪਾਤਰੀਆਂ ਨੂੰ 12.66 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਰਾਸ਼ੀ ਦੇ ਰਲੀਜ਼ ਹੋਣ ਨਾਲ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 2483 ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਰਾਹੀਂ ਜ਼ਿਲ੍ਹਾ ਬਰਨਾਲਾ ਦੇ 45, ਫਰੀਦਕੋਟ ਦੇ 19, ਫਿਰੋਜਪੁਰ ਦੇ 198, ਫਤਹਿਗੜ੍ਹ ਸਾਹਿਬ ਦੇ 82, ਫਾਜਿ?ਲਕਾ ਦੇ 175, ਗੁਰਦਾਸਪੁਰ ਦੇ 656, ਹੁਸਿ?ਆਰਪੁਰ ਦੇ 277, ਜਲੰਧਰ ਦੇ 34, ਮਾਨਸਾ ਦੇ 102, ਪਟਿਆਲਾ ਦੇ 144, ਰੂਪਨਗਰ ਦੇ 5 , ਐੱਸ.ਏ.ਐੱਸ ਨਗਰ 3, ਸੰਗਰੂਰ ਦੇ 38, ਮਲੇਰਕੋਟਲਾ ਦੇ 60 ਅਤੇ ਤਰਨਤਾਰਨ ਦੇ 645 ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋਂ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ।

ਯੂਸੀਸੀ, ਵਕਫ ਮੁੱਦਿਆਂ 'ਤੇ ਸੰਸਦ ਵਲੋਂ ਲਿਆ ਜਾਵੇਗਾ ਅੰਤਿਮ ਫੈਸਲਾ : ਉਮਰ ਅਬਦੁੱਲਾ

ਜੰਮੂ 29 ਜਨਵਰੀ। ਜੰਮੂ-ਕਸਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਯੂਨੀਫਾਰਮ ਸਿਵਲ ਕੋਡ (ਯੂਸੀਸੀ) ਅਤੇ ਵਕਫ (ਸੋਧ) ਬਿੱਲ 'ਤੇ ਅੰਤਿਮ ਫੈਸਲਾ ਸੰਸਦ ਵਲੋਂ ਲਿਆ ਜਾਵੇਗਾ। ਉੱਤਰਾਖੰਡ ਸੋਮਵਾਰ ਨੂੰ ਇਕਸਾਰ ਸਿਵਲ ਕੋਡ ਲਾਗੂ ਕਰਨ ਵਾਲਾ ਪਹਿਲਾ ਰਾਜ ਬਣ ਗਿਆ। ਸੋਮਵਾਰ ਨੂੰ ਉੱਤਰਾਖੰਡ ਯੂਸੀਸੀ ਲਾਗੂ ਕਰਨ ਵਾਲਾ ਦੇਸ ਦਾ ਪਹਿਲਾ ਰਾਜ ਬਣ ਗਿਆ। ਰਾਜ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 2022 ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਨੂੰਨ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਹੀ, ਵਕਫ (ਸੋਧ) ਬਿੱਲ ਦੀ ਜਾਂਚ ਕਰ ਰਹੀ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਨੇ ਭਾਜਪਾ ਦੀ ਅਗਵਾਈ ਵਾਲੇ ਰਾਸਟਰੀ ਲੋਕਤੰਤਰੀ ਗਠਜੋੜ (ਐੱਨਡੀਏ) ਮੈਂਬਰਾਂ ਦੁਆਰਾ ਪ੍ਰਸਤਾਵਿਤ ਸਾਰੀਆਂ ਸੋਧਾਂ ਨੂੰ ਸਵੀਕਾਰ ਕਰ ਲਿਆ ਅਤੇ ਵਿਰੋਧੀ ਮੈਂਬਰਾਂ ਦੁਆਰਾ ਪੇਸ ਕੀਤੇ ਗਏ ਹਰ ਬਦਲਾਅ ਨੂੰ ਰੱਦ ਕਰ ਦਿੱਤਾ। ਅਬਦੁੱਲਾ ਨੇ ਉਤਰਾਖੰਡ ਵਿੱਚ ਯੂਸੀਸੀ ਲਾਗੂ ਕੀਤੇ ਜਾਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਪੱਤਰਕਾਰਾਂ ਨੂੰ ਕਿਹਾ, "ਜਦੋਂ ਤੱਕ ਦੇਸ ਲਈ ਕਾਨੂੰਨ ਨਹੀਂ ਬਣ ਜਾਂਦਾ, ਉਨ੍ਹਾਂ (ਭਾਜਪਾ) ਨੂੰ ਉਹ ਕਰਨ ਦਿਓ, ਜੋ ਉਹ ਕਰਨਾ ਚਾਹੁੰਦੇ ਹਨ। ਅੰਤ : ਸੰਸਦ ਹੀ ਇਸ 'ਤੇ ਫੈਸਲਾ ਕਰੇਗੀ, ਨਾ ਕਿ ਵੱਖ-ਵੱਖ ਕੇਂਦਰ ਸਾਸਤ ਪ੍ਰਦੇਸਾਂ ਜਾਂ ਰਾਜ।" ਵਕਫ ਬਿੱਲ ਸਬੰਧੀ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸੰਸਦੀ ਕਮੇਟੀ ਅਜੇ ਵੀ ਇਸ 'ਤੇ ਚਰਚਾ ਕਰ ਰਹੀ ਹੈ ਅਤੇ ਸਰਕਾਰ ਕੋਈ ਕਾਨੂੰਨ ਲਾਗੂ ਨਹੀਂ ਕਰ ਰਹੀ ਹੈ। ਹਾਲ ਹੀ ਵਿੱਚ, ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ ਉਮਰ ਫਾਰੂਕ ਨੇ ਕਮੇਟੀ ਨਾਲ ਮੁਲਾਕਾਤ ਕੀਤੀ ਅਤੇ ਆਪਣੇ ਵਿਚਾਰ ਰੱਖੇ।

ਮੰਤਰੀ ਮੰਡਲ ਨੇ ਅਹਿਮ ਖਣਿਜਾਂ ਦੀ ਖੋਜ ਲਈ 16,300 ਕਰੋੜ ਰੁਪਏ ਦੇ ਮਿਸਨ ਨੂੰ ਦਿੱਤੀ ਪ੍ਰਵਾਨਗੀ

ਨਵੀਂ ਦਿੱਲੀ 29 ਜਨਵਰੀ। ਕੇਂਦਰੀ ਮੰਤਰੀ ਮੰਡਲ ਨੇ ਬੁੱਧਵਾਰ ਦੇਸ ਅੰਦਰ ਤੇ ਸਮੁੰਦਰੀ ਕੰਢਿਆਂ ਵਾਲੇ ਖੇਤਰਾਂ 'ਚ ਅਹਿਮ ਖਣਿਜਾਂ ਦੀ ਖੋਜ ਨੂੰ ਉਤਸਾਹਿਤ ਕਰਨ ਲਈ 16,300 ਕਰੋੜ ਰੁਪਏ ਦੇ 'ਨੈਸਨਲ ਕ੍ਰਿਟੀਕਲ ਮਿਨਰਲਜ ਮਿਸਨ' (ਐੱਨ. ਸੀ. ਐੱਮ. ਐੱਮ.) ਨੂੰ ਪ੍ਰਵਾਨਗੀ ਦਿੱਤੀ। ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ 'ਚ ਲਿਆ ਗਿਆ। ਸੂਚਨਾ ਤੇ ਪ੍ਰਸਾਰਣ ਮੰਤਰੀ ਅਸਵਨੀ ਵੈਸਨਵ ਨੇ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਇਸ ਫੈਸਲੇ ਬਾਰੇ ਜਾਣਕਾਰੀ ਦਿੱਤੀ। ਵੈਸਨਵ ਨੇ ਕਿਹਾ ਕਿ ਇਸ ਮਿਸਨ ਦਾ ਮੰਤਵ ਦੇਸ ਦੇ ਅਹਿਮ ਖਣਿਜਾਂ ਦੀ ਦਰਾਮਦ 'ਤੇ ਨਿਰਭਰਤਾ ਨੂੰ ਘਟਾਉਣਾ ਤੇ ਸਵੈ-ਨਿਰਭਰਤਾ ਨੂੰ ਯਕੀਨੀ ਬਣਾਉਣਾ ਹੈ। ਸਰਕਾਰ ਨੂੰ ਉਮੀਦ ਹੈ ਕਿ ਇਹ ਮਿਸਨ ਦੇਸ ਅੰਦਰ ਤੇ ਸਮੁੰਦਰੀ ਕੰਢੇ ਵਾਲੇ ਖੇਤਰਾਂ 'ਚ ਅਹਿਮ ਖਣਿਜਾਂ ਦੀ ਖੋਜ ਨੂੰ ਤੇਜ ਕਰੇਗਾ। ਇਸ ਦਾ ਮੰਤਵ ਅਹਿਮ ਖਣਿਜਾਂ ਦੇ ਮਾਈਨਿੰਗ ਪ੍ਰਾਜੈਕਟਾਂ ਲਈ ਰੈਗੂਲੇਟਰੀ ਪ੍ਰਵਾਨਗੀ ਦੀ ਪ੍ਰਕਿਰਿਆ ਨੂੰ ਤੇਜ ਕਰਨਾ ਹੈ। ਉਨ੍ਹਾਂ ਦੱਸਿਆ ਕਿ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ 'ਚ ਇਸ ਸਾਲ 31 ਅਕਤੂਬਰ ਨੂੰ ਖਤਮ ਹੋਣ ਵਾਲੀ 2024-25 ਦੀ ਮਿਆਦ ਲਈ 'ਸੀ' ਸ਼੍ਰੇਣੀ ਦੇ ਸ਼ੀਰੇ ਤੋਂ ਪ੍ਰਾਪਤ ਈਥਾਨੌਲ ਦੀ ਕੀਮਤ 1.69 ਰੁਪਏ ਵਧਾ ਕੇ 57.97 ਰੁਪਏ ਪ੍ਰਤੀ ਲੀਟਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ਸਿੰਧੀਆ ਨੇ ਰਾਹੁਲ ਨੂੰ ਇਤਿਹਾਸ ਪੜ੍ਹਨ ਦੀ ਦਿੱਤੀ ਸਲਾਹ, ਕਾਂਗਰਸ ਨੇ ਕੀਤਾ ਜਵਾਬੀ ਹਮਲਾ

ਨਵੀਂ ਦਿੱਲੀ 29 ਜਨਵਰੀ। ਕੇਂਦਰੀ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਜਿਓਤਿਰਾਦਿੱਤਿਆ ਸਿੰਧੀਆ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ

ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ 2 ਕਿਲੋ ਹੈਰੋਇਨ, ਡਰੱਗ ਮਨੀ ਤੇ ਵਾਹਨਾਂ ਸਣੇ 3 ਮੁਲਜਮ ਗ੍ਰਿਫਤਾਰ

ਜਲੰਧਰ 29 ਜਨਵਰੀ। ਜਲੰਧਰ ਪੁਲਸ ਕਮਿਸਨਰੇਟ ਸਵਪਨ ਸਰਮਾ ਦੀ ਅਗਵਾਈ ਹੇਠ ਪੁਲਸ ਨੇ ਨਸਾ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕਰਦਿਆਂ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਕਿਲੋ ਹੈਰੋਇਨ, ਡਰੱਗ ਮਨੀ ਅਤੇ ਵਾਹਨ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਕਮਿਸਨਰ ਨੇ ਦੱਸਿਆ ਕਿ ਕ੍ਰਾਈਮ ਬਰਾਂਚ ਦੀ ਇਕ ਪੁਲਸ ਪਾਰਟੀ ਵੱਲੋਂ ਇਤਲਾਹ ਦੇ ਆਧਾਰ 'ਤੇ ਲੰਮਾ ਪਿੰਡ ਤੋਂ ਜੰਡੂ ਸਿੰਘਾ ਸੜਕ ਨੇੜੇ ਨਾਕੇ ਲਗਾ ਕੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਉਨ੍ਹਾਂ ਨੇ ਇਕ ਵਿਅਕਤੀ ਨੂੰ ਹੀਰੋ ਡੀਲਕਸ ਮੋਟਰਸਾਈਕਲ ਰਜਿਸਟ੍ਰੇਸਨ ਨੰਬਰ ਪੀ. ਬੀ. 08-ਡੀ. ਐਕਸ-7821 'ਤੇ ਜਾਂਦੇ ਵੇਖਿਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸੱਕ ਦੇ ਆਧਾਰ 'ਤੇ ਮੋਟਰਸਾਈਕਲ ਨੂੰ ਰੋਕ ਕੇ ਤਲਾਸੀ ਲੈਣ 'ਤੇ ਸਤੀਸ ਸੁਮਨ ਪੁੱਤਰ ਲਖਿੰਬਰ ਰਾਮ ਵਾਸੀ ਗੁਰੂ ਰਵਿਦਾਸ ਮੰਦਰ ਗੰਨਾ ਪਿੰਡ ਜਲੰਧਰ ਪਾਸੋਂ 1 ਕਿਲੋ ਹੈਰੋਇਨ ਬਰਾਮਦ ਕੀਤੀ। ਸਵਪਨ ਸਰਮਾ ਨੇ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸੁਮਨ ਬਲਕਾਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਲਖਨਪਾਲ ਥਾਣਾ ਸਦਰ ਜਲੰਧਰ ਅਤੇ ਹੁਣ ਵਾਸੀ ਗੁਰੂ ਰਵਿਦਾਸ ਨਗਰ ਆਕਾਸ ਕਾਲੋਨੀ ਨੇੜੇ ਗਲੀ ਨੰਬਰ 1, ਹੁਸ਼ਿਆਰਪੁਰ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦੇ ਰਹੀ ਸੀ। ਪੁਲਸ ਨੇ ਬਲਕਾਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 720 ਗ੍ਰਾਮ ਹੈਰੋਇਨ, 12 ਲੱਖ ਰੁਪਏ ਡਰੱਗ ਮਨੀ, ਇਕ ਆਈ-20 ਕਾਰ (ਪੀ. ਬੀ. 36-ਜੇ-9289) ਅਤੇ ਇਕ ਛੋਟੀ

ਇਲੈਕਟ੍ਰਾਨਿਕ ਤੋਲਣ ਵਾਲੀ ਮਸੀਨ ਬਰਾਮਦ ਕੀਤੀ ਹੈ । ਪੁਲਸ ਕਮਿਸਨਰ ਨੇ ਦੱਸਿਆ ਕਿ ਇਸ ਮਾਮਲੇ 'ਚ ਇਕ ਹੋਰ ਦੋਸੀ ਜਿਸ ਦੀ ਪਛਾਣ ਕੁਲਵੰਤ ਰਾਮ ਪੁੱਤਰ ਮੱਖਣ ਲਾਲ ਵਾਸੀ ਪਿੰਡ ਕਿਲਾ ਬਰੁਣ ਰਾਮ ਕਾਲੋਨੀ ਕੈਂਪ ਬਜਵਾੜਾ ਥਾਣਾ ਸਦਰ ਹੁਸ਼ਿਆਰਪੁਰ ਵਜੋਂ ਹੋਈ ਹੈ, ਨੂੰ ਵੀ ਬਾਅਦ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਕੋਲੋਂ 280 ਗ੍ਰਾਮ ਹੈਰੋਇਨ, ਇਕ ਆਈ 20 ਕਾਰ (ਪੀ. ਬੀ. 07)-ਬੀ. ਐੱਚ.-2493) ਅਤੇ ਇਕ ਛੋਟੀ ਇਲੈਕਟ੍ਰਾਨਿਕ ਤੋਲਣ ਵਾਲੀ ਮਸੀਨ ਬਰਾਮਦ ਹੋਈ। ਉਸ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਸਤੀਸ ਸੁਮਨ ਆਪਣੇ ਪਿੰਡ ਦੇ ਵਸਨੀਕ ਲੱਕੀ, ਜੋਕਿ ਅਮਰੀਕਾ ਰਹਿੰਦਾ ਹੈ, ਦੇ ਸੰਪਰਕ ਵਿੱਚ ਆਇਆ ਸੀ, ਜਿਸ ਤੋਂ ਬਾਅਦ ਉਹ ਬਿਜਨੈੱਸ ਨਾਲ ਜੁੜ ਗਿਆ ਸੀ ਅਤੇ ਲੱਕੀ ਉਸ ਨੂੰ ਖੇਪ ਭੇਜਦਾ ਸੀ। ਸਵਪਨ ਸਰਮਾ ਨੇ ਦੱਸਿਆ ਕਿ ਬਲਕਾਰ ਨੂੰ ਪਹਿਲਾਂ ਇਕ ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਤਿਹਾੜ ਜੇਲ੍ਹ ਵਿੱਚ ਬੰਦ ਸੀ ਪਰ ਪੈਰੋਲ ਤੇ ਰਿਹਾਅ ਹੋਣ ਤੋਂ ਬਾਅਦ ਉਹ ਵਾਪਸ ਜੇਲ੍ਹ ਨਹੀਂ ਗਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਕੁਲਵੰਤ ਰਾਮ ਆਪਣੇ ਜੀਜਾ ਬਲਕਾਰ ਸਿੰਘ ਨਾਲ ਮਿਲ ਕੇ ਹੈਰੋਇਨ ਦੀ ਤਸਕਰੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਪਰ ਲੱਕੀ ਅਜੇ ਫਰਾਰ ਹੈ ਅਤੇ ਐੱਫ. ਆਈ. ਆਰ. ਨੰਬਰ 125 ਮਿਤੀ 18-06-2024 ਅਧੀਨ 21ਸੀ-61-85 ਐੱਨ. ਡੀ. ਪੀ. ਐੱਸ. ਐਕਟ ਥਾਣਾ ਡਿਵੀਜਨ 8 ਜਲੰਧਰ ਦਰਜ ਕੀਤੀ ਗਈ ਹੈ। ਸਵਪਨ ਸਰਮਾ ਨੇ ਦੱਸਿਆ ਕਿ ਸਤੀਸ ਸੁਮਨ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਜਦਕਿ ਬਲਕਾਰ ਅਤੇ ਲੱਕੀ ਖਿਲਾਫ ਚਾਰ ਕੇਸ ਪੈਂਡਿੰਗ ਹਨ ਜਦਕਿ ਕੁਲਵੰਤ ਖਿਲਾਫ ਦੋ ਕੇਸ ਪੈਂਡਿੰਗ ਹਨ।

ਯਾਤਰੀਆਂ ਦੀਆਂ ਸ਼ਿਕਾਇਤਾਂ 'ਤੇ ਰੇਲ ਮੰਡਲ ਦੀ ਸਖਤ ਕਾਰਵਾਈ, ਅਨਬਰਾਂਡਿਡ ਪਾਣੀ ਦੀਆਂ ਬੋਤਲਾਂ ਕੀਤੀਆਂ ਜਬਤ

ਫਿਰੋਜ਼ਪੁਰ 29 ਜਨਵਰੀ। ਰੇਲ ਮੰਡਲ ਵਿਚ 23 ਤੋਂ 29 ਜੂਨ ਤੱਕ ਚਲਾਈ ਜਾ ਰਹੀ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚੈਕਿੰਗ ਮੁਹਿੰਮ ਦੌਰਾਨ ਮੰਡਲ ਦੀ ਟੀਮ ਨੇ ਐਤਵਾਰ ਨੂੰ ਹਿਮਗਿਰੀ ਐਕਸਪ੍ਰੈੱਸ 'ਚ ਅਨਬਰਾਂਡੇਡ ਪਾਣੀ ਦੀਆਂ ਬੋਤਲਾਂ ਵੇਚ ਰਹੇ ਲੋਕਾਂ ਨੂੰ ਫੜ ਕੇ 102 ਬੋਤਲਾਂ ਜ਼ਬਤ ਕੀਤੀਆਂ ਹਨ। ਸੀਨੀਅਰ ਡੀ.ਸੀ.ਐੱਮ. ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਗੱਡੀ 'ਚ ਚੈਕਿੰਗ ਦੌਰਾਨ 11 ਸ਼ਿਕਾਇਤਾਂ ਮਿਲੀਆਂ ਕਿ ਵੇਂਡਰਾਂ ਵੱਲੋਂ ਜੋ ਪਾਣੀ ਵੇਚਿਆ ਜਾ ਰਿਹਾ ਹੈ, ਉਸ ਦੇ ਲਈ ਨਿਰਧਾਰਤ ਕੀਮਤ ਤੋਂ ਜ਼ਿਆਦਾ ਪੈਸੇ ਵਸੂਲੇ ਜਾ ਰਹੇ ਹਨ। ਪੂਰੀ ਟਰੇਨ 'ਚ ਚੈਕਿੰਗ ਦੌਰਾਨ ਵੇਂਡਰਾਂ ਕੋਲੋਂ 102 ਅਨਬਰਾਂਡੇਡ ਪਾਣੀ ਦੀਆਂ ਬੋਤਲਾਂ ਜ਼ਬਤ ਕੀਤੀਆਂ ਗਈਆਂ ਹਨ। ਸੈਣੀ ਨੇ ਦੱਸਿਆ ਕਿ ਰੇਲਗੱਡੀਆਂ 'ਚ ਖਾਣ-ਪੀਣ ਦੀਆਂ ਵਸਤੂਆਂ ਦੀ ਕੁਆਲਟੀ ਅਤੇ ਮੁੱਲ ਸਬੰਧੀ ਜਾਂਚ ਦੇ ਲਈ ਇਹ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਕਮੀਆਂ ਮਿਲਣ 'ਤੇ ਤੁਰੰਤ ਐਕਸ਼ਨ ਲਿਆ ਜਾ ਰਿਹਾ ਹੈ।

ਜਮੀਨ ਦੇ ਇੰਤਕਾਲ ਬਦਲੇ 10 ਹਜਾਰ ਦੀ ਰਿਸ਼ਵਤ ਲੈਂਦਾ ਪਟਵਾਰੀ ਰੰਗੇ ਹੱਥੀਂ ਗ੍ਰਿਫਤਾਰ

ਚੰਡੀਗੜ੍ਹ 29 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਖਿਲਾਫ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਮਾਲ ਹਲਕਾ ਢਪਈ, ਸਬ ਤਹਿਸੀਲ ਕਾਦੀਆਂ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਨਵਿੰਦਰਪਾਲ ਨੂੰ 10,000 ਰੁਪਏ ਰਿਸ਼ਵਤ ਮੰਗ ਕੇ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਗੁਰਦਾਸਪੁਰ ਦੇ ਪਿੰਡ ਢਪਈ ਦੇ ਵਸਨੀਕ ਹਰਜਾਪ ਸਿੰਘ ਵੱਲੋਂ ਦਰਜ

ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਬਿਆਨ ਦਿੱਤਾ ਸੀ ਕਿ ਉਕਤ ਪਟਵਾਰੀ ਸ਼ਿਕਾਇਤਕਰਤਾ ਦੀ ਪਤਨੀ ਦੇ ਨਾਂ 'ਤੇ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਪਹਿਲਾਂ ਹੀ 2,000 ਰੁਪਏ ਰਿਸ਼ਵਤ ਵਜੋਂ ਲੈ ਚੁੱਕਾ ਹੈ ਅਤੇ ਹੁਣ 10,000 ਰੁਪਏ ਰਿਸ਼ਵਤ ਦੀ ਹੋਰ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜਮ ਪਟਵਾਰੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਪਟਵਾਰੀ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਅਗਲੇਰੀ ਪੁੱਛਗਿੱਛ ਜਾਰੀ ਹੈ।

ਬਠਿੰਡਾ ਪੁਲਸ ਦੇ ਹੱਥ ਲੱਗੀ ਵੱਡੀ ਸਫਲਤਾ, 1 ਕੁਇੰਟਲ 60 ਕਿੱਲੋ ਚਾਂਦੀ ਦੇ ਗਹਿਣਿਆਂ ਤੇ ਗੱਡੀ ਸਣੇ 3 ਕੀਤੇ ਕਾਬੂ

ਬਠਿੰਡਾ 29 ਜਨਵਰੀ। ਮਹਾਰਾਸਟਰ ਤੋਂ ਲਿਆਂਦੇ ਚਾਂਦੀ ਦੇ ਗਹਿਣਿਆਂ ਦੀ ਖੇਪ ਨੂੰ ਪੁਲਸ ਨੇ ਡੂਮਵਾਲੀ ਬੈਰੀਅਰ 'ਤੇ ਲਗਾਏ ਅੰਤਰਰਾਜੀ ਨਾਕੇ ਦੌਰਾਨ ਕਾਬੂ ਕੀਤਾ। ਮਹਾਰਾਸਟਰ ਨੰਬਰ ਵਾਲੀ ਕਾਰ 'ਚੋਂ ਇਕ ਕੁਇੰਟਲ 60 ਕਿਲੋ ਚਾਂਦੀ ਦੇ ਗਹਿਣੇ ਬਰਾਮਦ ਹੋਏ ਹਨ। ਕਾਰ ਸਵਾਰ ਉਕਤ ਗਹਿਣਿਆਂ ਸਬੰਧੀ ਕੋਈ ਸਬੂਤ ਪੇਸ ਨਹੀਂ ਕਰ ਸਕੇ। ਜਿਸ ਤੋਂ ਬਾਅਦ ਪੁਲਸ ਨੇ ਉਕਤ ਗਹਿਣੇ ਆਪਣੇ ਕਬਜੇ 'ਚ ਲੈ ਕੇ ਇਨਕਮ ਟੈਕਸ ਵਿਭਾਗ ਨੂੰ ਸੌਂਪ ਦਿੱਤੇ। ਆਮਦਨ ਕਰ ਵਿਭਾਗ ਨੇ ਇਸ ਸਬੰਧੀ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ। ਪਥਰਾਲਾ ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਹਰਬੰਸ

ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ. ਦੀਪਕ ਪਾਰੀਕ ਦੀਆਂ ਹਦਾਇਤਾਂ 'ਤੇ ਪੁਲਸ ਵੱਲੋਂ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਨਾਕਾਬੰਦੀ ਕੀਤੀ ਗਈ ਹੈ। ਸੁੱਕਰਵਾਰ ਨੂੰ ਨਾਕਾਬੰਦੀ ਦੌਰਾਨ ਪੁਲਸ ਟੀਮ ਨੇ ਇਕ ਮਹਾਰਾਸਟਰ ਨੰਬਰ ਦੀ ਡਸਟਰ ਕਾਰ ਨੂੰ ਸੱਕ ਦੇ ਆਧਾਰ 'ਤੇ ਰੋਕਿਆ। ਕਾਰ ਚਾਲਕ ਨੇ ਆਪਣਾ ਨਾਂ ਵੋਪਾਸੋ ਵਾਸੀ ਜਿਲਾ ਬੇਲਗਾਮ ਮਹਾਰਾਸਟਰ ਦੱਸਿਆ ਅਤੇ ਕੰਡਕਟਰ ਸੀਟ 'ਤੇ ਬੈਠੇ ਵਿਅਕਤੀ ਨੇ ਆਪਣਾ ਨਾਂ ਪ੍ਰਸ਼ਾਦ ਪ੍ਰਦੀਪ ਪਾਟਿਲ ਹੋਪੁਰੀ ਕੋਲਹਾਪੁਰ ਮਹਾਰਾਸਟਰ ਦੱਸਿਆ ਅਤੇ ਪਿੱਛੇ ਬੈਠੇ ਵਿਅਕਤੀ ਨੇ ਆਪਣਾ ਨਾਂ ਅਜੀਤ ਕੁਮਾਰ ਪਾਟਿਲ ਵਾਸੀ ਮਹਾਰਾਸਟਰ ਦੱਸਿਆ। ਜਦ ਪੁਲਸ ਨੇ ਕਾਰ ਦੀ ਤਲਾਸੀ ਲਈ ਤਾਂ ਉਸ ਵਿਚ ਵੱਡੀ ਮਾਤਰਾ ਵਿਚ ਚਾਂਦੀ ਦੇ ਗਹਿਣੇ ਰੱਖੇ ਹੋਏ ਸਨ। ਪੁਲਸ ਨੇ ਇਨਕਮ ਟੈਕਸ ਦੇ ਅਸਿਸਟੈਂਟ ਡਾਇਰੈਕਟਰ ਅਸੋਕ ਕੁਮਾਰ ਖੱਤਰੀ ਅਤੇ ਇੰਸਪੈਕਟਰ ਗੌਰਵ ਗਰਗ ਨੂੰ ਮੌਕੇ 'ਤੇ ਬੁਲਾਇਆ।

ਡੀ. ਆਈ. ਜੀ. ਦੀ ਅਗਵਾਈ ਹੇਠ ਮੋਗਾ ਜ਼ਿਲ੍ਹੇ ਵਿਚ ਕਾਸੋ ਆਪ੍ਰੇਸ਼ਨ ਤਹਿਤ ਵੱਡੇ ਪੱਧਰ 'ਤੇ ਛਾਪੇਮਾਰੀ

ਮੋਗਾ 29 ਜਨਵਰੀ। ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪੁਲਸ ਅਧਿਕਾਰੀਆਂ ਵਲੋਂ ਕਾਸੋ ਸਰਚ ਆਪ੍ਰੇਸ਼ਨ ਤਹਿਤ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਮੋਗਾ ਜ਼ਿਲ੍ਹੇ ਵਿਚ ਵੀ ਪਿਛਲੇ ਕਈ ਦਿਨਾਂ ਤੋਂ ਇਸ ਮੁਹਿੰਮ ਤਹਿਤ ਨਸ਼ਾ ਸਮੱਗਲਰਾਂ ਅਤੇ ਗਲਤ ਅਨਸਰਾਂ ਨੂੰ ਕਾਬੂ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਅੱਜ ਮੋਗਾ ਜ਼ਿਲ੍ਹੇ ਵਿਚ ਡੀ. ਆਈ. ਜੀ. ਜਲੰਧਰ ਰੇਂਜ ਇੰਦਰਬੀਰ ਸਿੰਘ ਅਤੇ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਦੀ ਅਗਵਾਈ ਹੇਠ ਸਬ ਡਵੀਜ਼ਨਾਂ ਵਿਚ ਨਸ਼ਾ ਸਮੱਗਲਰਾਂ ਨੂੰ ਕਾਬੂ ਕਰਨ ਲਈ ਸ਼ੱਕੀ ਟਿਕਾਣਿਆ 'ਤੇ ਛਾਪੇਮਾਰੀ ਕੀਤੀ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਡੀ. ਆਈ. ਜੀ. ਇੰਦਰਬੀਰ ਸਿੰਘ ਨੇ ਦੱਸਿਆ ਕਿ ਕਾਸੋ ਆਪ੍ਰੇਸ਼ਨ ਤਹਿਤ ਐੱਸ. ਪੀ. ਡੀ. ਬਾਲਕਿਸ਼ਨ ਸਿੰਗਲਾ, ਐੱਸ. ਪੀ. ਗੁਰਸ਼ਰਨ ਸਿੰਘ ਸੰਧੂ, ਡੀ. ਐੱਸ. ਪੀ. ਸਿਟੀ ਰਵਿੰਦਰ ਸਿੰਘ, ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ ਸੰਧੂ ਅਤੇ ਸਮੂਹ ਥਾਣਿਆਂ ਦੇ ਮੁਖੀਆ ਸਮੇਤ 350

ਮੁਲਾਜ਼ਮਾ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਮੋਗਾ ਪੁਲਸ ਵਲੋਂ ਚਾਰਾਂ ਸਬ-ਡਵੀਜ਼ਨਾਂ ਦੀਆਂ ਲੋਕੇਸ਼ਨਾ ਪਹਿਲਾਂ ਹੀ ਤੈਅ ਕਰ ਲਈਆਂ ਸਨ, ਜਿਨ੍ਹਾਂ ਵਿਚ ਛਾਪੇਮਾਰੀ ਕੀਤੀ ਗਈ ਹੈ ਅਤੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਤਹਿਤ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਕੁੱਝ ਵਿਅਕਤੀਆਂ ਵਿਰੁੱਧ ਮਕੁੱਦਮੇ ਵੀ ਦਰਜ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵਲੋਂ ਦਿੱਤੇ ਸਖ਼ਤ ਨਿਰਦੇਸ਼ਾ ਤਹਿਤ ਨਸ਼ਾ ਵਿਕਰੀ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਵੱਡੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਸੀਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਵੀ ਲਿਖ ਕੇ ਭੇਜਿਆ ਜਾ ਰਿਹਾ ਹੈ। ਸਾਡਾ ਉਦੇਸ਼ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰਨਾ ਹੈ ਤਾਂ ਜੋ ਪੰਜਾਬ ਦੇ ਲੋਕ ਅਮਨ ਸ਼ਾਂਤੀ ਨਾਲ ਰਹਿ ਸਕਣ। ਇਸ ਮੌਕੇ ਜ਼ਿਲਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਈ ਵਾਰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਕਾਲਾ ਧੰਦਾ ਛੱਡ ਦੇਣ ਪ੍ਰੰਤੂ ਫ਼ਿਰ ਵੀ ਇਹ ਸੁਧਰੇ ਨਹੀਂ ਜਿਸ ਕਰ ਕੇ ਹੁਣ ਕਾਨੂੰਨ ਤਹਿਤ ਸਖ਼ਤ ਸਜ਼ਾ ਦਿੱਤੀ ਜਾ ਰਹੀ ਹੈ।

ਫਾਜਿਲਕਾ 'ਚ ਮਿਲਿਆ ਪਾਕਿਸਤਾਨ ਤੋਂ ਆਇਆ ਡਰੋਨ, ਹੈਰੋਇਨ ਦੀ ਖੇਪ ਬਰਾਮਦ

ਫਾਜਿਲਕਾ 29 ਜਨਵਰੀ। ਫਾਜ਼ਿਲਕਾ ਦੇ ਭਾਰਤ-ਪਾਕਿ ਸਰਹੱਦੀ ਇਲਾਕੇ 'ਚ ਪੰਜਾਬ ਪੁਲਸ ਅਤੇ ਬੀ. ਐੱਸ. ਐੱਫ. ਨੇ ਸਾਂਝੇ ਤੌਰ 'ਤੇ ਸਰਚ ਆਪਰੇਸ਼ਨ ਚਲਾ ਕੇ ਪਾਕਿਸਤਾਨ ਵਲੋਂ ਡਰੋਨ ਜਰੀਏ ਭੇਜੀ ਗਈ ਹੈਰੋਇਨ ਦੀ ਖੇਪ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ ਡਰੋਨ ਵੀ ਬਰਾਮਦ ਕੀਤਾ ਗਿਆ ਹੈ, ਜੋ ਕਿ ਚਾਈਨਾ ਮੇਡ ਦੱਸਿਆ ਜਾ ਰਿਹਾ ਹੈ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੀ. ਐੱਸ. ਐੱਫ. ਦੇ ਡੀ. ਆਈ. ਜੀ. ਵਿਜੇ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਹੱਦੀ ਇਲਾਕੇ 'ਚ ਲਗਾਤਾਰ ਹੋ ਰਹੀ ਡਰੋਨ ਦੀ ਹਰਕਤ 'ਤੇ ਬੀ. ਐੱਸ. ਐੱਫ. ਵਲੋਂ ਪੈਨੀ ਨਜਰ ਰੱਖੀ ਜਾ ਰਹੀ ਹੈ। ਜਦੋਂ ਪਿੰਡ ਗਹਿਲੇਵਾਲਾ ਇਲਾਕੇ 'ਚ ਡਰੋਨ ਦੀ ਹਰਕਤ ਦਾ ਸ਼ੱਕ ਹੋਇਆ ਤਾਂ ਬੀ. ਐੱਸ. ਐੱਫ. ਨੇ ਪੰਜਾਬ ਪੁਲਸ ਨੂੰ ਸੂਚਿਤ ਕੀਤਾ ਅਤੇ ਸਾਂਝੇ ਤੌਰ 'ਤੇ ਆਪਰੇਸ਼ਨ ਚਲਾਇਆ। ਇਸ ਦੌਰਾਨ ਪਾਕਿਸਤਾਨ ਵਲੋਂ ਹੈਰੋਇਨ ਲੈ ਕੇ ਆਇਆ ਡਰੋਨ ਬਰਾਮਦ ਹੋਇਆ। ਹੈਰੋਇਨ ਦੇ ਪੈਕਟਾਂ 'ਤੇ ਰੇਡੀਅਮ ਟੇਪ ਲਾਈ ਗਈ ਸੀ ਤਾਂ ਜੋ ਭਾਰਤ ਵਲੋਂ ਖੇਪ ਲੈ ਕੇ ਜਾਣ ਵਾਲੇ ਸ਼ਖਸ ਨੂੰ ਹਨ੍ਹੇਰੇ 'ਚ ਖੇਪ ਦੀ ਰੌਸ਼ਨੀ ਨਾਲ ਉਸ ਦੀ ਪਛਾਣ

ਪੰਜਾਬ ਦੇ ਵਪਾਰੀ ਨਾਲ ਹੋ ਗਈ 4.35 ਕਰੋੜ ਦੀ ਠੱਗੀ, ਤਰੀਕਾ ਅਜਿਹਾ ਕਿ ਨਹੀਂ ਹੋਵੇਗਾ ਯਕੀਨ

ਲੁਧਿਆਣਾ 29 ਜਨਵਰੀ। ਪੰਜਾਬ ਦੇ ਲੁਧਿਆਣਾ ਸਥਿਤ ਮਾਡਲ ਟਾਊਨ ਦੇ ਇਕ ਵਪਾਰੀ ਨਾਲ 4.35 ਕਰੋੜ ਰੁਪਏ ਦੀ ਸਾਈਬਰ ਧੋਖਾਦੇਹੀ ਕਰਨ ਵਾਲੇ ਅੰਤਰਰਾਸਟਰੀ ਸਾਈਬਰ ਫ੍ਰਾਡ ਗਿਰੋਹ ਦੇ ਮੈਂਬਰ ਨੂੰ ਲੁਧਿਆਣਾ ਦੀ ਸਾਈਬਰ ਕ੍ਰਾਈਮ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਟੀਮ ਨੇ ਮੁਲਜਮ ਨੂੰ ਹਰਿਆਣਾ ਦੇ ਰੇਵਾੜੀ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਹੈ। ਫੜੇ ਗਏ ਮੁਲਜਮ ਦਾ ਨਾਂ ਧਰਮਿੰਦਰ ਕੁਮਾਰ ਹੈ। ਪੁਲਸ ਨੇ ਮੁਲਜਮ ਨੂੰ ਅਦਾਲਤ 'ਚ ਪੇਸ ਕੀਤਾ, ਜਿਥੋਂ ਉਸ ਨੂੰ 3 ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਥਾਣਾ ਸਾਈਬਰ ਸੈੱਲ ਦੇ ਐੱਸ.ਐੱਚ.ਓ. ਇੰਸ. ਜਤਿੰਦਰ ਸਿੰਘ ਨੇ ਦੱਸਿਆ ਕਿ ਪਹਿਲੀ ਐੱਫ.ਆਈ.ਆਰ. 21 ਜੂਨ 2024 ਨੂੰ ਸਾਈਬਰ ਥਾਣੇ 'ਚ ਦਰਜ ਹੋਈ ਸੀ, ਜੋ ਕਿ ਮਾਡਲ ਟਾਊਨ ਦੇ ਰਹਿਣ ਵਾਲੇ ਵਪਾਰੀ ਰਛਪਾਲ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਪੀੜਤ ਕਾਰੋਬਾਰੀ ਨੇ ਦੱਸਿਆ ਸੀ ਕਿ ਕੁਝ ਲੋਕਾਂ ਨੇ ਇਨਵੈਸਟਮੈਂਟ ਦੇ ਬਹਾਨੇ ਕੁੱਲ 4 ਕਰੋੜ 35 ਲੱਖ 69 ਹਜਾਰ ਰੁਪਏ ਦੀ ਠੱਗੀ ਮਾਰੀ ਹੈ, ਜਿਸ ਤੋਂ ਬਾਅਦ ਪੁਲਸ ਨੇ ਸ਼ਿਕਾਇਤਕਰਤਾ ਦੀ ਬਜਾਏ ਤਨਵੀ ਸਰਮਾ, ਮੰਡੋਰ ਪਵਾਰ, ਸ਼ਿਵਾਨੀ ਐੱਸ. ਕੁਰੀਅਨ, ਜੋਤੀ ਸਰਮਾ, ਸਰਨ ਗੁਪਤਾ, ਬਿਕਰਮ ਪਟੇਲ ਅਤੇ ਅੰਜਲੀ ਸਰਮਾ ਨੂੰ ਨਾਮਜਦ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਪੁਲਸ ਨੇ ਦੱਸਿਆ ਕਿ ਜਾਂਚ 'ਚ ਪਤਾ ਲੱਗਾ ਕਿ ਕੇਸ 'ਚ ਨਾਮਜ਼ਦ ਮੁਲਜ਼ਮਾਂ ਦੇ ਅਸਲ ਨਾਂ ਨਹੀਂ ਹਨ। ਮੁਲਜ਼ਮਾਂ ਦੇ ਨਾਂ ਬਦਲ ਕੇ ਠੱਗੀ ਕੀਤੀ ਹੈ। ਜਾਂਚ 'ਚ ਸਾਹਮਣੇ ਆਇਆ ਹੈ ਕਿ 60 ਲੱਖ ਦੀ ਐਂਟਰੀ ਹਰਿਆਣਾ ਦੇ

ਮਹਿੰਦਰਗੜ੍ਹ ਦੇ ਐੱਸ.ਬੀ.ਆਈ. ਬੈਂਕ 'ਚ ਟਰਾਂਸਫਰ ਹੋਏ ਸੀ, ਜੋ ਕਿ ਵਿਕਰਮ ਯਾਦਵ ਦੇ ਨਾਂ ਨਾਲ ਸੀ। ਪੁਲਸ ਸਭ ਤੋਂ ਪਹਿਲਾਂ ਵਿਕਰਮ ਯਾਦਵ ਤੱਕ ਪੁੱਜ ਗਈ, ਉਥੋਂ ਪਤਾ ਲੱਗਾ ਹੈ ਕਿ ਉਸ ਦਾ ਸਿਰਫ ਅਕਾਊਂਟ ਵਰਤਿਆ ਗਿਆ ਸੀ, ਜੋ ਕਿ ਮੁਲਜ਼ਮ ਧਰਮਿੰਦਰ ਕੁਮਾਰ ਨੇ ਉਸ ਦੇ ਅਕਾਊਂਟ ਦੀ ਡਿਟੇਲ ਲਈ ਸੀ। ਪੁਲਸ ਨੂੰ ਪਤਾ ਲੱਗਾ ਕਿ ਮੁਲਜ਼ਮ ਰਾਜਸਥਾਨ 'ਚ ਜੈਪੁਰ ਵਿਚ ਹੈ। ਪੁਲਸ ਦੀ ਇਕ ਟੀਮ ਜੈਪੁਰ ਪੁੱਜ ਗਈ ਪਰ ਮੁਲਜ਼ਮ ਉਥੋਂ ਨਿਕਲ ਚੁੱਕਾ ਸੀ। ਫਿਰ ਉਥੋਂ ਪਤਾ ਲੱਗਾ ਕਿ ਮੁਲਜ਼ਮ ਹਰਿਆਣਾ ਦੇ ਰੇਵਾੜੀ ਇਲਾਕੇ 'ਚ ਹੈ। ਇਸ ਤੋਂ ਬਾਅਦ ਪੁਲਸ ਰਾਜਸਥਾਨ ਤੋਂ ਹੁੰਦੇ ਹੋਏ ਰੇਵਾੜੀ ਪੁੱਜ ਗਈ, ਜਿਥੇ ਪੁਲਸ ਨੇ ਛਾਪਾਮਾਰੀ ਕਰ ਕੇ ਮੁਲਜ਼ਮ ਧਰਮਿੰਦਰ ਨੂੰ ਦਬੋਚ ਲਿਆ। ਉਸ ਤੋਂ ਪੁੱਛਗਿੱਛ 'ਚ ਪਤਾ ਲੱਗਾ ਕਿ ਉਹ ਸਿਰਫ ਗਰੀਬ ਅਤੇ ਲੋੜਵੰਦ ਲੋਕਾਂ ਦੇ ਬੈਂਕ ਅਕਾਊਂਟ ਖਰੀਦ ਲੈਂਦਾ ਹੈ। ਉਨ੍ਹਾਂ ਨੂੰ ਕੁਝ ਪੈਸੇ ਦੇਣ ਦਾ ਲਾਲਚ ਦੇ ਕੇ ਉਨ੍ਹਾਂ ਦੇ ਬੈਂਕ ਅਕਾਊਂਟ ਵਰਤਦਾ ਹੈ, ਜਦਕਿ ਸਾਈਬਰ ਠੱਗੀ ਦੇ ਮਾਸਟਰਮਾਈਂਡ ਸਤੀਸ਼ ਕੁਮਾਰ, ਵਰੁਣ ਅਤੇ ਅਭਿਸ਼ੇਕ ਹਨ, ਜੋ ਕਿ ਕਦੇ ਹਰਿਆਣਾ, ਰਾਜਸਥਾਨ ਅਤੇ ਕਦੇ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਰਹਿ ਕੇ ਲੋਕਾਂ ਨੂੰ ਝਾਂਸੇ ਦੇ ਕੇ ਠੱਗੀ ਮਾਰਦੇ ਹਨ। ਪੁਲਸ ਦਾ ਕਹਿਣਾ ਹੈ ਕਿ ਹੁਣ ਬਾਕੀ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

ਫਿਰੋਜ਼ਪੁਰ ਦਾ ਨੌਜਵਾਨ 6 ਦਿਨਾਂ ਤੋਂ ਭੇਤਭਰੇ ਹਾਲਾਤ 'ਚ ਲਾਪਤਾ

ਫਿਰੋਜ਼ਪੁਰ 29 ਜਨਵਰੀ। ਫਿਰੋਜ਼ਪੁਰ ਸ਼ਹਿਰ ਦਾ ਇੱਕ ਨੌਜਵਾਨ ਨਿਤਿਨ ਸ਼ਰਮਾ ਪੁੱਤਰ ਰਣਦੀਪ ਸ਼ਰਮਾ ਵਾਸੀ ਬਾਂਸੀ ਗੇਟ ਪਿਛਲੇ 6 ਦਿਨਾਂ ਤੋਂ ਭੇਤਭਰੇ ਹਾਲਤ 'ਚ ਲਾਪਤਾ ਹੈ। ਦੱਸਿਆ ਜਾਂਦਾ ਹੈ ਕਿ ਇਹ ਨੌਜਵਾਨ ਇੱਕ ਨਿੱਜੀ ਕੰਪਨੀ 'ਚ ਕੰਮ ਕਰਦਾ ਹੈ ਅਤੇ ਫਿਰੋਜ਼ਪੁਰ ਤੋਂ ਪੈਸੇ ਇਕੱਠੇ ਕਰਨ ਤੋਂ ਬਾਅਦ ਉਹ ਕੰਪਨੀ ਦੇ ਪੈਸੇ ਲੁਧਿਆਣਾ ਪਹੁੰਚਾਉਂਦਾ ਹੈ। ਪਹਿਲਾਂ ਦੀ ਤਰ੍ਹਾਂ ਉਹ 22 ਜਨਵਰੀ ਨੂੰ ਸਵੇਰੇ 5.00 ਵਜੇ ਰੇਲਵੇ ਸਟੇਸ਼ਨ ਲਈ ਰਵਾਨਾ ਹੋਇਆ, ਪਰ ਵਾਪਸ ਨਹੀਂ ਆਇਆ। ਇਸ ਦੀ ਸੂਚਨਾ ਉਸਦੇ ਪਰਿਵਾਰ ਵੱਲੋਂ ਫਿਰੋਜ਼ਪੁਰ ਪੁਲਸ ਨੂੰ ਦੇ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਉਸਦੀ ਲਾਸਟ ਲੁਕੇਸ਼ਨ ਮੋਗਾ ਦੀ ਦਿਖਾਈ ਦੇ ਰਹੀ ਹੈ। ਨਿਤਿਨ ਸ਼ਰਮਾ ਬਾਰੇ ਪਰਿਵਾਰ ਨੂੰ ਸੂਚਿਤ ਕਰਨ ਲਈ ਸਾਰੇ ਵਟਸਐਪ ਗਰੁੱਪਾਂ ਵਿੱਚ ਇੱਕ ਸੁਨੇਹਾ ਸਰਕੂਲੇਟ ਕੀਤਾ ਗਿਆ ਹੈ।

ਵਿਆਹ ਤੋਂ ਆਉਂਦੇ ਮੁੰਡਿਆਂ ਦੀ ਗੱਡੀ ਪਲਟੀ

ਪਾਤੜਾਂ/ਹਰਿਆਣਾ 29 ਜਨਵਰੀ। ਪਟਿਆਲਾ ਦੇ ਪਾਤੜਾਂ ਵਿਖੇ ਭਿਆਨਕ ਸੜਕ ਹਾਦਸਾ ਵਾਪਰਨ ਦੀ ਖਬਰ ਸਾਹਮਣੇ ਆਈ ਹੈ। ਦਰਅਸਲ ਸੰਗਰੂਰ ਰੋਡ 'ਤੇ ਨੇੜੇ ਪਿੰਡ ਦੁਗਾਲ ਵਿਖੇ ਹੋਏ ਇਕ ਸੜਕ ਹਾਦਸੇ ਦੌਰਾਨ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਤਿੰਨ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜੇ ਦੋਸਤ ਦਿੜਬਾ ਵਿਖੇ ਕਿਸੇ ਵਿਆਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੀ ਵਰਨਾ ਕਾਰ ਵਿਚ ਵਾਪਸ ਆ ਰਹੇ ਸੀ। ਰਾਤ ਡੇਢ ਵਜੇ ਦੇ ਕਰੀਬ ਜਦੋਂ ਇਹ ਪਿੰਡ ਦੁਗਾਲ ਨੇੜੇ ਪਹੁੰਚੇ ਤਾਂ ਸੰਘਣੀ ਧੁੰਦ ਕਾਰਨ ਕਾਰ ਡਿਵਾਈਡਰ ਨਾਲ ਟਕਰਾ ਗਈ ਅਤੇ ਪਲਟ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਅੰਸ਼ੁਲ ਗਰਗ ਅਤੇ ਅਤੁਲ ਉਮਰ ਲਗਭਗ 23 ਸਾਲ

ਵਾਸੀਅਨ ਜਾਖਲ ਦੋਵੇਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਿਵੇਂ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਨੂੰ ਜਾਣਕਾਰੀ ਮਿਲੀ ਤਾਂ ਏ. ਐੱਸ. ਆਈ. ਭੁਪਿੰਦਰ ਸਿੰਘ ਸੰਧੂ ਆਪਣੀ ਟੀਮ ਸਮੇਤ ਤੁਰੰਤ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਵੱਲੋਂ ਜ਼ਖ਼ਮੀ ਨੌਜਵਾਨਾਂ ਨੂੰ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ। ਤਿੰਨ ਜ਼ਖ਼ਮੀਆਂ ਵਿੱਚੋਂ ਇਕ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮ੍ਰਿਤਕ ਦੋਵੇਂ ਹੀ ਨੌਜਵਾਨ ਅਣਵਿਆਹੇ ਸਨ। ਪੁਲਸ ਵੱਲੋਂ ਲਾਸ਼ਾਂ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਵਾਰਸਾਂ ਹਵਾਲੇ ਕਰ ਦਿੱਤੀਆਂ ਗਈਆਂ। ਇਸ ਕਾਰ ਵਿੱਚ ਸਵਾਰ 5 ਨੌਜਵਾਨ ਹਰਿਆਣਾ ਦੇ ਜਾਖਲ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਇਸ ਹਾਦਸੇ ਵਿੱਚ ਅੰਸ਼ੁਲ ਗਰਗ (23) ਅਤੇ ਅਤੁਲ (27) ਦੀ ਮੌਤ ਹੋ ਗਈ। ਜਖਮੀਆਂ ਦੀ ਪਛਾਣ ਹਿਮਾਂਸ਼ੂ ਗੋਇਲ (28) ਹਰਸ ਜੈਨ (28) ਅਤੇ ਸਾਹਿਲ (27) ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਸੜਕ ਸੁਰੱਖਿਆ ਬਲ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜਖਮੀਆਂ ਨੂੰ ਹਸਪਤਾਲ ਪਹੁੰਚਾਇਆ।

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
ਸਾਧਾਰਨ ਪ੍ਰਸ਼ਾਸਨ ਵਿਭਾਗ
(ਸਮਨਵਯ ਸ਼ਾਖਾ)
ਦਿੱਲੀ ਸਚਿਵਾਲਯ, ਆਈ. ਪੀ. ਇਸਟੇਟ, ਨਵੀਂ ਦਿੱਲੀ - 110002

ਜਨਤੱਕ ਸੂਚਨਾ

ਜਨਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135-ਬੀ (ਮਤਦਾਨ ਦੇ ਦਿਨ ਕਰਮਚਾਰੀਆਂ ਨੂੰ ਸਵੇਤਨ ਅਵਕਾਸ਼ ਦੀ ਮੰਜੂਰੀ ਦੇ ਅਨੁਸਾਰ :-

(1) ਕਿਸੀ ਵੀ ਕਾਰੋਬਾਰ, ਵਿਵਸਾਏ, ਉਦਯੋਗਿਕ ਉਪਕ੍ਰਮ ਜਾਂ ਕਿਸੀ ਹੋਰ ਸਥਾਪਨ 'ਚ ਨਿਯੋਤਿ ਹਰੇਕ ਵਿਅਕਤੀ ਜੋ ਦਿੱਲੀ ਰਾਸ਼ਟਰੀ ਰਾਜਧਾਨੀ ਖੇਤਰ ਦੀ ਵਿਧਾਨ ਸਭਾ ਦੇ ਲਈ ਨਿਰਵਾਚਨ 'ਚ ਮਤਦਾਨ ਕਰਨ ਦਾ ਹਕਦਾਰ ਹੈ, ਉਸਨੂੰ ਮਤਦਾਨ ਦੇ ਦਿਨ ਯਾਨੀ 5 ਫਰਵਰੀ 2025 (ਬੁੱਧਵਾਰ) ਨੂੰ ਛੁੱਟੀ ਦਿੱਤੀ ਜਾਵੇਗੀ ਤਾਂਕਿ ਉਹ ਨਿਰਵਾਚਨ 'ਚ ਆਪਣਾ ਵੋਟ ਪਾ ਸਕੇ।

(2) ਉਪਧਾਰਾ (1) ਦੇ ਅਨੁਸਾਰ ਅਵਕਾਸ਼ ਮੰਜੂਰ ਕੀਤੇ ਜਾਣ ਦੇ ਕਾਰਨ ਕਿਸੀ ਏਸੇ ਵਿਅਕਤੀ ਦੀ ਮਜਦੂਰੀ ਤੋਂ ਕੋਈ ਕਟੋਤੀ ਜਾਂ ਉਸ 'ਚ ਕੋਈ ਕਮੀਂ ਨਹੀਂ ਕੀਤੀ ਜਾਵੇਗੀ ਅਤੇ ਅਗਰ ਇਸ ਤਰ੍ਹਾਂ ਦਾ ਕੋਈ ਵਿਅਕਤੀ ਇਸ ਆਧਾਰ 'ਤੇ ਨਿਯੋਜਿਤ ਕੀਤਾ ਜਾਂਦਾ ਹੈ ਕਿ ਉਸ ਨੂੰ ਸਾਧਾਰਨਤਾ ਕਿਸੀ ਏਸੇ ਦਿਨ ਦੇ ਲਈ ਮਜ਼ਦੂਰੀ ਪ੍ਰਾਪਤ ਨਹੀਂ ਹੋਵੇਗੀ ਤਾਂ ਇਸ ਗੱਲ ਦੇ ਹੁੰਦੇ ਹੋਏ ਵੀ, ਉਸ ਨੂੰ ਏਸੇ ਦਿਨ ਦੇ ਲਈ ਉਹ ਮਜਦੂਰੀ ਦਿੱਤੀ ਜਾਵੇਗੀ, ਜੋ ਉਸ ਦਿਨ ਉਸ ਨੂੰ ਅਵਕਾਸ਼ ਮੰਜੂਰ ਨਾ ਕੀਤੇ ਜਾਣ ਦੀ ਦਸ਼ਾ 'ਚ ਦਿੱਤੀ ਗਈ ਹੁੰਦੀ।

(3) ਅਗਰ ਕੋਈ ਨਿਯੋਜਕ ਉਪਧਾਰਾ (1) ਜਾਂ ਉਪਧਾਰਾ (2) ਦੇ ਉਪਬੰਧਾਂ ਦਾ ਉਲੰਘਣ ਕਰੇਗਾ, ਤਾਂ ਇਸ ਤਰ੍ਹਾਂ ਨਿਯੋਜਕ ਜੁਰਮਾਨੇ ਤੋਂ, ਜੋ ਪੰਜ ਸੌ ਰੁਪਏ ਤੱਕ ਦਾ ਹੋ ਸਕੇਗਾ, ਸਜ਼ਾਯੋਗ ਹੋਵੇਗਾ।

(4) ਇਹ ਧਾਰਾ ਕਿਸੀ ਇਸ ਤਰ੍ਹਾਂ ਨਿਰਵਾਚਕ ਨੂੰ ਲਾਗੂ ਨਹੀਂ ਹੋਵੇਗੀ ਜਿਸਦੀ ਅਨੁਉਪਸਥਿਤੀ ਤੋਂ ਉਸ ਨਿਯੋਜਨ ਦੇ ਸੰਬੰਧ 'ਚ ਜਿਸ 'ਚ ਉਹ ਲਗਿਆ ਹੋਇਆ ਹੈ, ਕੋਈ ਖ਼ਤਰਾ ਜਾਂ ਭਾਰੀ ਨੁਕਸਾਨ ਹੋ ਸਕਦਾ ਹੈ।

ਉਪਯੁਕਤ ਪ੍ਰਾਵਧਾਨਾ ਦੇ ਅਨੁਸਾਰ ਸਾਰੇ ਮਤਦਾਤਾਵਾਂ ਨੂੰ, ਜੋ ਸ਼ਿਫਟ ਆਧਾਰ 'ਤੇ ਕੰਮ ਕਰਨ ਵਾਲੇ ਸਥਾਪਨ ਅਤੇ ਦੁਕਾਨਾਂ ਦੇ ਕਰਮਚਾਰੀ ਹਨ, ਉਸ ਨਿਰਵਾਚਨ ਖੇਤਰ 'ਚ ਮਤਦਾਨ ਦੇ ਦਿਨ ਸਵੇਤਨ ਛੁੱਟੀ ਪ੍ਰਦਾਨ ਕੀਤੀ ਜਾਵੇਗੀ ਜਿਥੇ ਵਿਧਾਨ ਸਭਾ ਦੇ ਲਈ ਆਮ ਚੋਣ ਹੋਣੇ ਹਨ। ਇਸਦੇ ਇਲਾਵਾ, ਏਸੇ ਮਾਮਲੇ ਵੀ ਹੋ ਸਕਦੇ ਹਨ ਜਿਥੇ ਕੋਈ ਵਿਅਕਤੀ ਸਾਧਾਰਨ ਰੂਪ ਤੋਂ ਨਿਰਵਾਚਨ ਖੇਤਰ ਦਾ ਨਿਵਾਸੀ ਹੈ ਅਤੇ ਮਤਾਦਾਤਾ ਦੇ ਰੂਪ 'ਚ ਪੰਜੀਕ੍ਰਿਤ ਹੈ, ਉਹ ਆਮ ਚੋਣ ਵਾਲੇ ਨਿਰਵਾਚਨ ਖੇਤਰ ਦੇ ਬਾਹਰ ਸਥਿਤ ਕਿਸੀ ਉਦਯੋਗਿਕ ਉਪਕ੍ਰਮ ਜਾਂ ਸਥਾਪਨ 'ਚ ਸੇਵਾ ਕਰਦਾ ਜਾਂ ਨਿਯੋਜਿਤ ਹੋ ਸਕਦਾ ਹੈ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਏਸੀ ਸਥਿਤੀ 'ਚ, ਸੰਬੰਧਿਤ ਨਿਰਵਾਚਨ ਖੇਤਰ ਦੇ ਬਾਹਰ ਕੰਮ ਕਰਨ ਵਾਲੇ ਆਕਸਮਿਕ ਸ਼੍ਰਮਿਕਾਂ ਸਹਿਤ ਉਹ ਮਤਦਾਤਾ ਵੀ ਜਨਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135 ਬੀ (1) ਦੇ ਅੰਤਰਗਤ ਸਵੇਤਨ ਛੁੱਟੀ ਦਾ ਲਾਭ ਪਾਉਣ ਦੇ ਹਕਦਾਰ ਹੋਣਗੇ। ਦੈਨਿਕ ਵੇਤਨ ਭੋਗੀ/ਆਕਸਮਿਕ ਕਰਮਚਾਰੀ ਵੀ ਜਨਪ੍ਰਤਿਨਿਧਿਤਵ ਅਧਿਨਿਯਮ, 1951 ਦੀ ਧਾਰਾ 135ਬੀ 'ਚ ਦਿੱਤੇ ਗਏ ਪ੍ਰਾਵਧਾਨ ਦੇ ਅਨੁਸਾਰ ਮਤਦਾਨ ਦੇ ਦਿਨ ਸਵੇਤਨ ਛੁੱਟੀ ਦੇ ਅਧਿਕਾਰੀ ਹਨ।

(ਪ੍ਰਦੀਪ ਤਾਯਲ)
ਸੰਯੁਕਤ ਸਚਿਵ (ਸਾ.ਪ੍ਰ.ਵਿ.)

DIP/Shabdarth/Classified/0486/24-25

ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਂ

ਸੰਯੁਕਤ ਪੁਲਿਸ ਆਯੁਕਤ ਦਫ਼ਤਰ: ਲਾਈਸੇਂਸਿਗ ਇਕਾਈ, ਦਿੱਲੀ

ਪਹਿਲੀ ਮੰਜ਼ਿਲ, ਪੁਲਿਸ ਸਟੇਸ਼ਨ ਡਿਫੇਂਸ ਕੱਲੋਨੀ, ਨਵੀਂ ਦਿੱਲੀ-110049
ਫੋਨ ਨੰ. 011-26261525

ਦਿੱਲੀ ਵਿਧਾਨਸਭਾ ਚੋਣ-2025
ਪ੍ਰੇਸ ਵਿਗਿਆਪਤੀ
ਚੋਣ ਸੰਬੰਧੀ ਸਾਮਗ੍ਰੀ ਦਾ ਪ੍ਰਕਾਸ਼ਨ/ਮੁਦ੍ਰਣ

ਪ੍ਰੇਸ ਅਤੇ ਪੁਸਤਕ ਪੰਜੀਕਰਨ ਅਧਿਨਿਯਮ, 1867 ਦੀ ਧਾਰਾ 3 ਦੇ ਅਨੁਸਾਰ, ਹਰੇਕ ਪ੍ਰਕਾਸ਼ਨ 'ਤੇ ਹੇਠਲਿਖਿਤ ਵੇਰਵਾ ਸਪਸ਼ਟ ਰੂਪ ਤੋਂ ਮੁਦ੍ਰਿਤ ਕਰਨਾ ਜ਼ਰੂਰੀ ਹੈ:

- ਮੁਦ੍ਰਕ ਦਾ ਨਾਮ: ਹਰੇਕ ਪ੍ਰਕਾਸ਼ਨ 'ਤੇ ਮੁਦ੍ਰਕ ਦਾ ਪੂਰਾ ਨਾਮ ਸਪਸ਼ਟ ਰੂਪ ਤੋਂ ਮੁਦ੍ਰਿਤ ਹੋਣਾ ਚਾਹੀਦਾ।
- ਮੁਦ੍ਰਣ ਦਾ ਸਥਾਨ: ਹਰੇਕ ਪ੍ਰਕਾਸ਼ਨ 'ਤੇ ਮੁਦ੍ਰਣ ਦਾ ਸਥਾਨ ਅਤੇ ਪਤਾ ਸਪਸ਼ਟ ਰੂਪ ਤੋਂ ਉਲੇਖਿਤ ਹੋਣਾ ਚਾਹੀਦਾ।
- ਪ੍ਰਕਾਸ਼ਕ ਦਾ ਨਾਮ: ਅਗਰ ਪ੍ਰਿੰਟ ਪ੍ਰਕਾਕਸ਼ਿਤ ਹੈ, ਤਾਂ ਪ੍ਰਕਾਸ਼ਕ ਦਾ ਪੂਰਾ ਨਾਮ ਸਪਸ਼ਟ ਰੂਪ ਤੋਂ ਮੁਦ੍ਰਿਤ ਹੋਣਾ ਚਾਹੀਦਾ।
- ਪ੍ਰਕਾਸ਼ਨ ਦਾ ਸਥਾਨ: ਹਰੇਕ ਪ੍ਰਕਾਸ਼ਨ 'ਤੇ ਪ੍ਰਕਾਸ਼ਨ ਦਾ ਸਥਾਨ ਅਤੇ ਪਤਾ ਅੰਕਿਤ ਹੋਣਾ ਚਾਹੀਦਾ

ਆਗਾਮੀ ਦਿੱਲੀ ਵਿਧਾਨ ਸਭਾ ਚੋਣਾਂ, 2025 ਦੇ ਮੱਦੇਨਜ਼ਰ ਚੋਣ ਸੰਬੰਧੀ ਸਾਮਗ੍ਰੀਆਂ ਦੇ ਪ੍ਰਕਾਸ਼ਨ/ਮੁਦ੍ਰਣ ਦੇ ਸੰਬੰਧ 'ਚ ਇਨ੍ਹਾਂ ਨਿਰਦੇਸ਼ਾਂ ਨੂੰ ਦੋਹਰਾਇਆ ਜਾ ਰਿਹਾ ਹੈ। ਉਕਤ ਨਿਰਦੇਸ਼ਾਂ ਦੀ ਅਨੁਪਾਲਨਾ ਨਾ ਕਰਨ 'ਤੇ, ਜਨਪ੍ਰਤੀਨਿਧੀ ਅਧਿਨਿਯਮ, 1951 ਦੀ ਧਾਰਾ 127ਏ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ।

DP/9752/Lic./2025

ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਂ

ਸੰਯੁਕਤ ਪੁਲਿਸ ਆਯੁਕਤ ਦਫ਼ਤਰ: ਲਾਈਸੇਂਸਿਗ ਇਕਾਈ, ਦਿੱਲੀ

ਪਹਿਲੀ ਮੰਜ਼ਿਲ, ਪੁਲਿਸ ਸਟੇਸ਼ਨ ਡਿਫੇਂਸ ਕੱਲੋਨੀ, ਨਵੀਂ ਦਿੱਲੀ-110049
ਫੋਨ ਨੰ. 011-26261525

ਦਿੱਲੀ ਵਿਧਾਨਸਭਾ ਚੋਣ-2025
ਪ੍ਰੇਸ ਵਿਗਿਆਪਤੀ
ਲਾਈਸੇਂਸ ਪ੍ਰਾਪਤ ਆਗਨੇਯਾਸਤ੍ਰ ਜਮ੍ਹਾਂ ਕਰਨ ਲਈ

ਭਾਰਤ ਨਿਰਵਾਚਨ ਆਯੋਗ ਵਲੋਂ ਜਾਰੀ ਨਿਰਦੇਸ਼ਾਂ ਦੇ ਅਨੁਪਾਲਨ 'ਚ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ 'ਚ ਆਗਾਮੀ ਵਿਧਾਨ ਸਭਾ ਚੋਣਾਂ 2025 ਦੇ ਮੱਦੇਨਜ਼ਰ ਦਿੱਲੀ ਪੁਲਿਸ ਦੇ ਲਾਈਸੇਂਸਿਗ ਵਿਭਾਗ ਵਲੋਂ ਦਿੱਲੀ ਦੇ ਸਾਰੇ ਆਗਨੇਯਾਸਤ੍ਰ ਲਾਈਸੇਂਸ ਧਾਰਕ ਜਿਨ੍ਹਾਂ ਨੇ ਆਪਣੇ ਆਗਨੇਯਾਸਤ੍ਰ ਜਮ੍ਹਾਂ ਕਰਨ ਦੇ ਲਈ ਨੋਟਿਸ ਜਾਰੀ ਕੀਤੇ ਗਏ ਹਨ ਉਹ ਆਪਣੇ ਆਗਨੇਯਾਸਤ੍ਰ ਤੁਰੰਤ ਸਥਾਨੀਯ ਪੁਲਿਸ ਥਾਣੇ 'ਚ ਜਮ੍ਹਾਂ ਕਰਵਾਓ।

ਉਪਯੁਕਤ ਨਿਰਦੇਸ਼ਾਂ ਦਾ ਉਲੰਘਣ ਕਰਨ 'ਤੇ ਸ਼ਸਤ੍ਰ ਅਧਿਨਿਯਮ/ਨਿਯਮਾਂ ਸਹਿਤ ਕਾਨੂੰਨ ਦੀ ਉਪਯੁਕਤ ਧਾਰਾਵਾਂ ਦੇ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

DP/9753/Lic./2025

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

ਉਤਰ ਰੇਲਵੇ

**ਨਿਵਿਦਾ ਸੂਚ

ਸਿਗਰਟ-ਬੀੜੀ ਨਾ ਪੀਣਾ, ਸੰਤੁਲਤ ਭਾਰ ਕਾਇਮ ਰੱਖਣਾ, ਜ਼ਿਆਦਾ ਸ਼ਰਾਬ ਦਾ ਸੇਵਨ ਨਾ ਕਰਨਾ, ਰੱਜ ਕੇ ਕੱਚੇ ਫਲ਼-ਸਬਜ਼ੀਆਂ ਖਾਣੇ, ਸਬਜ਼ੀਆਂ ਅਤੇ ਅਨਾਜ ਨੂੰ ਤਰਜੀਹ ਦੇਣੀ, ਮਾਸ ਦਾ ਸੇਵਨ ਘੱਟ ਕਰਨਾ ਤੇ ਲਾਗ ਰੋਗਾਂ ਦਾ ਨਿਰੰਤਰ ਟੀਕਾਕਰਨ ਕਰਵਾ ਕੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ...

ਹਰ ਕੈਂਸਰ ਜਾਨਲੇਵਾ ਨਹੀਂ

ਡਾ. ਐੱਚ ਐੱਸ ਡਾਰਲਿੰਗ

ਕੈਂਸਰ ਰੋਗਾਂ ਦਾ ਇਕ ਵਰਗ ਹੈ, ਜਿਸ ਵਿਚ ਕੋਸ਼ਿਕਾਵਾਂ ਦਾ ਇਕ ਸਮੂਹ ਬੇਕਾਬੂ ਵਾਧੇ ਜਾਂ ਸਾਧਾਰਨ ਸੀਮਾ ਤੋਂ ਵੱਧ ਵੰਡ, ਰੋਗ ਹਮਲੇ ਅਤੇ ਕਈ ਵਾਰ ਮੈਟਾਸਟੈਸਿਸ (ਲਸਿਕਾ ਜਾਂ ਲਹੂ ਰਾਹੀਂ ਸਰੀਰ ਦੇ ਹੋਰ ਭਾਗਾਂ ਵਿਚ ਫੈਲਣਾ) ਦੀ ਪੇਸ਼ਕਾਰੀ ਕਰਦਾ ਹੈ। ਚਿਕਿਤਸਾ ਵਿਗਿਆਨ ਦੀ ਜੋ ਸ਼ਾਖਾ ਕੈਂਸਰ ਦੇ ਅਧਿਐਨ, ਨਿਦਾਨ ਇਲਾਜ ਅਤੇ ਰੋਕਥਾਮ ਨਾਲ ਸੰਬੰਧਤ ਹੈ। ਉਸਨੂੰ ਓਨਕੋਲੋਜੀ ਆਖਿਆ ਜਾਂਦਾ ਹੈ। ਕੈਂਸਰ ਇਕ ਜਟਿਲ ਬਿਮਾਰੀ ਹੈ ਜੋ ਮੂਲ ਰੂਪ ਵਿਚ ਕਈ ਬਿਮਾਰੀਆਂ ਦਾ ਵਰਗ ਜਾਂ ਸਮੂਹ ਹੈ। ਅੱਜ ਦੇ ਸਮੇਂ ਵਿਚ ਇਹ ਲਾਇਲਾਜ ਨਹੀਂ ਹੈ ਬਲਕਿ ਇਸਦਾ ਇਲਾਜ ਸੰਭਵ ਹੈ ਪਰ ਜੇ ਸਮੇਂ ਸਿਰ ਇਸ ਦਾ ਪਤਾ ਲੱਗ ਜਾਵੇ। ਪਹਿਲੇ ਤਿੰਨ ਪੜਾਵਾਂ ਵਿਚ ਇਲਾਜ ਨਾਲ ਕੈਂਸਰ ਤੋਂ ਨਿਜਾਤ ਪਾਈ ਜਾ ਸਕਦੀ ਹੈ ਪਰ ਚੌਥੇ ਵਿਚ ਇਲਾਜ ਨਾਲ ਬਿਮਾਰੀ ਨੂੰ ਕੁੱਝ ਸਮੇਂ ਤਕ ਰੋਕਿਆ ਜਾ ਸਕਦਾ ਹੈ। ਜੜ੍ਹੋਂ ਹਟਾਇਆ ਨਹੀਂ ਜਾ ਸਕਦਾ। ਬਹੁਤ ਜ਼ਿਆਦਾ ਫੈਲੇ ਹੋਣ ਦੀ ਸਥਿਤੀ ਵਿਚ ਜਾਂ ਸਰੀਰਕ ਹਾਲਤ ਜ਼ਿਆਦਾ ਖਸਤਾ ਹੋਣ 'ਤੇ ਰੋਗੀ ਦਾ ਦਰਦ ਘੱਟ ਕਰਨ ਲਈ ਦਵਾ-ਦਾਰੂ ਦਿੱਤੀ ਜਾਂਦੀ ਹੈ। ਕੈਂਸਰ ਹਰ ਉਮਰ ਦੇ ਵਿਅਕਤੀ ਨੂੰ ਹੋ ਸਕਦਾ ਹੈ। ਇਥੋਂ ਤਕ ਕਿ ਭਰੂਣ ਨੂੰ ਵੀ ਹੋ ਸਕਦਾ ਹੈ। ਜੇ ਉਹ ਮਾਂ ਦੇ ਗਰਭ ਵਿਚ ਹੋਵੇ ਪਰ ਉਮਰ ਵਧਣ ਨਾਲ ਇਸਦੇ ਪੀੜਤ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਦੁਨੀਆ ਵਿਚ ਮੌਤਾਂ ਲਈ ਜਿੰਮੇਵਾਰ ਪਹਿਲੇ ਨੰਬਰ 'ਤੇ ਦਿਲ ਤੇ ਦਿਮਾਗ਼ ਦੇ ਰੋਗ, ਦੂਜੇ 'ਤੇ ਕਿਸੇ ਵੀ ਕਿਸਮ ਦੀ ਲਾਗ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਕੈਂਸਰ ਹੈ ਪਰ ਕੈਂਸਰ ਦੀ ਬਦਨਾਮੀ ਵੱਧ ਹੈ ਕਿਉਂਕਿ ਚੌਥੇ ਪੜਾਅ 'ਤੇ ਪਹੁੰਚ ਕੇ ਇਹ ਲਾਇਲਾਜ ਬਣ ਜਾਂਦੀ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਜ਼ਿਆਦਾਤਰ ਰੋਗੀ ਚੌਥੇ ਪੜਾਅ 'ਤੇ ਪਹੁੰਚ ਕੇ ਹੀ ਡਾਕਟਰ ਕੋਲ ਜਾਂਦਾ ਹੈ। ਜਿਸ ਕਰਕੇ ਭਾਰਤ ਵਿਚ ਕੈਂਸਰ ਰੋਗੀਆਂ ਦਾ ਇਕ ਵੱਡਾ ਹਿੱਸਾ ਲਾਇਲਾਜ ਹੋ ਜਾਂਦਾ ਹੈ। ਇਸ ਲਈ ਭਾਰਤ ਵਿਚ ਕੈਂਸਰ ਦਾ ਡਰ ਅਤੇ ਦਹਿਸ਼ਤ ਵੱਧ ਹੈ ਅਤੇ ਇਹ ਖੌਫ ਜਾਇਜ਼ ਵੀ ਹੈ। ਕੈਂਸਰ ਦੇ ਬਾਰੇ ਅਧੂਰੀ ਅਤੇ ਅਣਢੁੱਕਵੀ ਜਾਣਕਾਰੀ ਕਾਰਨ ਇਹ ਇਕ ਹਊਆ ਬਣ ਚੁੱਕਿਆ ਹੈ। ਕੈਂਸਰ ਬਾਰੇ ਢੁੱਕਵੀ ਅਤੇ ਸਹੀ ਜਾਣਕਾਰੀ ਹਾਸਲ ਕਰ ਕੇ ਅਸੀਂ ਇਸ ਬਾਰੇ ਸੁਚੇਤ ਹੋ ਕੇ ਭੁਲੇਖਿਆਂ ਤੋਂ ਬਚ ਕੇ ਆਪਣਾ ਬਚਾ ਕਰ ਸਕਦੇ ਹਾਂ। ਸਭ ਤੋਂ ਅਹਿਮ ਇਹ ਹੈ ਕਿ ਕੈਂਸਰ ਲਾਗ ਦੀ ਬਿਮਾਰੀ ਨਹੀਂ ਹੈ। ਇਹ ਸੱਚਾਈ ਜਾਣਦੇ ਹੋਏ ਵੀ ਸਾਡੇ ਵਿਚੋਂ ਜ਼ਿਆਦਾਤਰ ਲੋਕ ਕੈਂਸਰ ਰੋਗੀਆਂ ਬਾਰੇ ਇਕ ਅਜੀਬ ਤਰ੍ਹਾਂ ਦਾ ਭੇਦਭਾਵ ਰੱਖਦੇ ਹਨ ਹਾਲਾਂਕਿ ਵਧੇਰੇ ਕਰਕੇ ਕੈਂਸਰ ਸ਼ਰਾਬ ਜਾਂ ਤੰਬਾਕੂ ਦਾ ਸੇਵਨ ਕਰਨ ਵਾਲੇ ਇਨਸਾਨਾਂ ਵਿਚ ਹੁੰਦਾ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਕਿਸੇ ਨੂੰ ਵੀ ਤੇ ਕਦੇ ਵੀ ਹੋ ਸਕਦਾ ਹੈ। ਸਮਾਜ ਦਾ ਕੋਈ ਵੀ ਵਰਗ, ਖਿੱਤਾ ਜਾਂ ਕੌਮ ਇਸ ਤੋਂ 100 ਫ਼ੀਸਦੀ ਸੁਰੱਖਿਅਤ ਨਹੀਂ ਹੈ। ਅਸਲ ਵਿਚ ਕੈਂਸਰ ਕਈ ਬਿਮਾਰੀਆਂ ਦਾ ਇਕ ਸਮੂਹ ਹੈ ਜਿਸ ਵਿਚ ਸਰੀਰ ਦੀਆਂ ਕੋਸ਼ਿਕਾਵਾਂ ਦਾ ਨਿਰੰਤਰ, ਅਸਾਧਾਰਨ ਵਿਕਾਸ ਹੋ ਜਾਂਦਾ ਹੈ। ਜਿਸ ਲਈ ਸਰੀਰ ਦੇ ਹੋਰ ਭਾਗਾਂ ਵਿਚ ਪਹੁੰਚਣ ਤਕ ਜਾਂ ਫੈਲਣ ਅਤੇ ਹਮਲਾ ਕਰਨ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਦੇ ਮੁਕਾਬਲੇ ਬੀਨਾਈਨ ਟਿਊਮਰ ਹੁੰਦੇ ਹਨ। ਜੋ ਸਰੀਰ ਦੇ ਹੋਰ ਭਾਗਾਂ ਤਕ ਨਹੀਂ ਫੈਲਦੇ। ਕੈਂਸਰ ਦੇ ਲੱਛਣਾਂ ਵਿਚ ਸਰੀਰ ਦੇ ਕਿਸੇ ਭਾਗ ਤੇ ਲੰਪ ਦੀ ਹੋਂਦ, ਆਸਧਾਰਨ ਲਹੂ ਵਗਣਾ, ਦੇਰ ਤਕ ਖਾਂਸੀ, ਭਾਰ ਘਟਣਾ ਅਤੇ ਪੇਟ ਸਾਫ਼ ਹੋਣ ਦੀਆਂ ਗਤੀਵਿਧੀਆਂ ਵਿਚ ਪਰਿਵਰਤਨ ਹੈ। ਇਹ ਲੱਛਣ ਕੈਂਸਰ ਦੇ ਹੋ ਸਕਦੇ ਹਨ ਪਰ ਇਨ੍ਹਾਂ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਜਿਸ ਕਰਕੇ ਇਸ ਬਿਮਾਰੀ ਦੀ ਪਛਾਣ ਲਈ ਡਾਕਟਰ ਦੀ ਸਲਾਹ ਲਾਜ਼ਮੀ ਹੋ ਜਾਂਦੀ ਹੈ। ਵੈਸੇ ਹੁਣ ਤਕ 100 ਤੋਂ ਵੱਧ ਕਿਸਮਾਂ ਦੇ ਕੈਂਸਰ ਦੁਨੀਆ ਵਿਚ ਪਾਏ ਜਾਂਦੇ ਹਨ। ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ 22 ਫ਼ੀਸਦੀ ਦਾ ਕਾਰਨ ਤੰਬਾਕੂ ਦੀ ਵਰਤੋਂ ਹੈ। ਅਗਲੇ 10 ਫ਼ੀਸਦੀ ਦਾ ਕਾਰਨ ਮੋਟਾਪਾ, ਨਿਮਨ ਪੱਧਰ ਦੀ ਖ਼ੁਰਾਕ, ਸਰੀਰਕ ਗਤੀਵਿਧੀਆਂ ਦੀ ਘਾਟ ਅਤੇ ਬਹੁਤ ਜ਼ਿਆਦਾ ਸ਼ਰਾਬ ਦਾ ਸੇਵਨ ਹੈ। ਇਸਦੇ ਇਲਾਵਾ ਪ੍ਰਦੂਸ਼ਨ ਅਤੇ ਕੁੱਝ ਲਾਗ ਰੋਗ ਵੀ ਇਸਦੇ ਕਾਰਨ ਬਣਦੇ ਹਨ। ਵਿਕਸਿਤ ਦੇਸ਼ਾਂ ਦੇ ਮੁਕਾਬਲੇ ਵਿਕਾਸਸ਼ੀਲ ਦੇਸ਼ਾਂ ਵਿਚ ਤਾਂ ਹੈਪੀਟੇਟਿਸ ਬੀ, ਸੀ ਜਾਂ ਹੋਰ ਖ਼ਤਰਨਾਕ ਮਾਨਵੀ ਲਾਗਾਂ ਹੀ ਬਹੁਤ ਸਾਰੇ ਕੈਂਸਰ ਦਾ ਕਾਰਨ ਬਣਦੀਆਂ ਹਨ। ਇਹ ਘੱਟੋ-ਘੱਟ ਅੰਸ਼ਕ ਰੂਪ ਵਿਚ ਕੋਸ਼ਿਕਾ ਦੇ ਜੀਨ ਨੂੰ ਬਦਲਦੇ ਹਨ। ਵੈਸੇ 10-20 ਫ਼ੀਸਦੀ ਕੈਂਸਰ ਤਾਂ ਮਾਪਿਆਂ ਤੋਂ ਹਾਸਲ ਜੈਨੇਟਿਕ ਨੁਕਸਾਂ ਕਰਕੇ ਹੁੰਦੇ ਹਨ। ਸਕਰੀਨਿੰਗ ਪ੍ਰੀਖਣਾਂ ਜਾਂ ਖ਼ਾਸ ਲੱਛਣਾਂ ਤੋਂ ਕੈਂਸਰ ਦੀ ਪਛਾਣ ਕੀਤੀ ਜਾ ਸਕਦੀ ਹੈ। ਇਸ ਬਾਰੇ ਪੱਕੇ ਰੂਪ ਵਿਚ ਇਕ ਮਾਹਿਰ ਹੀ ਦੱਸ ਸਕਦਾ ਹੈ। ਸਿਗਰਟ-ਬੀੜੀ ਨਾ ਪੀਣ, ਸੰਤੁਲਤ ਭਾਰ ਕਾਇਮ ਰੱਖਣ, ਜ਼ਿਆਦਾ ਸ਼ਰਾਬ ਦਾ ਸੇਵਨ ਨਾ ਕਰਨ, ਰੱਜ ਕੇ ਕੱਚੇ ਫ਼ਲ-ਸਬਜ਼ੀਆਂ ਖਾਣ, ਦਾਣੇਦਾਰ ਸਬਜ਼ੀਆਂ ਅਤੇ ਅਨਾਜ ਨੂੰ ਤਰਜੀਹ ਦੇਣੀ, ਲਾਲ ਮਾਸ ਅਤੇ ਪ੍ਰੋਸੈਸਿਡ ਮਾਸ ਦਾ ਸੇਵਨ ਘੱਟ ਕਰਨ, ਸੂਰਜ ਦੀ ਰੋਸ਼ਨੀ ਵਿਚ ਜ਼ਿਆਦਾ ਚਿਰ ਨਾ ਰਹਿਣ ਅਤੇ ਲਾਗ ਰੋਗਾਂ ਦਾ ਨਿਰੰਤਰ ਟੀਕਾਕਰਨ ਕਰਵਾ ਕੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ। ਸਕਰੀਨਿੰਗ ਰਾਹੀਂ ਪਤਾ ਲਗਾ ਕੇ ਛਾਤੀ, ਸਰਵਾਈਕਲ ਅਤੇ ਕੈਂਸਰ ਤੋਂ ਬਚਾਅ ਸੰਭਵ ਹੈ। ਉਮਰ ਵਧਣ ਨਾਲ ਕੈਂਸਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਸਾਵਧਾਨੀਆਂ

ਕੈਂਸਰ ਦੇ ਮਰੀਜ਼ਾਂ ਵਿਚ 2ਫ਼ੀਸਦੀ ਬੱਚੇ ਹੁੰਦੇ ਹਨ। ਬੱਚਿਆਂ 'ਚ ਮੁੱਖ ਖ਼ੂਨ ਦਾ ਕੈਂਸਰ 33ਫ਼ੀਸਦੀ ਨਿਊਰੋਬਲਾਸਟੋਮਾ, ਨੈਫਰੋਬਲਾਸਟੋਮਾ, ਮੈਡੂਲੋਬਲਾਸਟੋਮਾ ਅਤੇ ਅੱਖ ਦਾ ਕੈਂਸਰ ਹੈ। ਹਰ ਸਾਲ ਦੁਨੀਆ ਭਰ ਵਿਚ 2 ਲੱਖ ਬੱਚੇ ਕੈਂਸਰ ਦਾ ਸ਼ਿਕਾਰ ਹੁੰਦੇ ਹਨ ਪਰ ਸਮੇਂ ਸਿਰ ਸਹੀ ਇਲਾਜ ਨਾਲ ਇਨ੍ਹਾਂ ਵਿਚੋਂ 80ਫ਼ੀਸਦੀ ਠੀਕ ਹੋ ਕੇ ਲੰਬੀ ਉਮਰ ਪਾ ਸਕਦੇ ਹਨ। ਅਸਲ ਵਿਚ ਵਿਕਸਿਤ ਦੇਸ਼ਾਂ ਵਿਚ 80ਫ਼ੀਸਦੀ ਬੱਚੇ ਕੈਂਸਰ ਦੇ ਇਲਾਜ ਤੋਂ ਬਾਅਦ ਲੰਬੀ ਉਮਰ ਭੋਗਦੇ ਹਨ। ਬੱਚਿਆਂ ਦੀਆਂ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ 90ਫ਼ੀਸਦੀ ਮੌਤਾਂ ਗਰੀਬ ਦੇਸ਼ਾਂ ਵਿਚ ਹੁੰਦੀਆਂ ਹਨ। ਦੁਨੀਆ ਭਰ ਵਿਚ ਹੋਣ ਵਾਲੀਆਂ ਹਰ 6 ਮੌਤਾਂ ਵਿਚੋਂ 1 ਮੌਤ ਕੈਂਸਰ ਨਾਲ ਹੁੰਦੀ ਹੈ। ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਵਿਚੋਂ 70ਫ਼ੀਸਦੀ ਗਰੀਬ ਅਤੇ ਮੱਧਵਰਗੀ ਦੇਸ਼ਾਂ ਵਿਚ ਹੁੰਦੀਆਂ ਹਨ। ਅੰਕੜਿਆਂ ਅਨੁਸਾਰ ਫੇਫੜੇ, ਜਿਗਰ, ਅੰਤੜੀਆਂ, ਮਿਹਦੇ ਦਾ ਅਤੇ ਛਾਤੀ ਦਾ ਕੈਂਸਰ ਲਹਿੰਦੇ ਕ੍ਰਮਵਾਰ ਸਭ ਤੋਂ ਵੱਧ ਜਾਨਲੇਵਾ ਹਨ। ਭਾਰਤ ਵਿਚ ਹਰ ਸਾਲ 10 ਲੱਖ ਨਵੇਂ ਕੈਂਸਰ ਦੇ ਮਰੀਜ਼ ਅਤੇ 6.5 ਲੱਖ ਮੌਤਾਂ ਕੈਂਸਰ ਨਾਲ ਹੁੰਦੀਆਂ ਹਨ। ਭਾਰਤ ਵਿਚ ਮਰਦਾਂ ਦੇ 5 ਮੁੱਖ ਕੈਂਸਰ ਨੱਕ, ਕੰਨ, ਗਲ਼ਾ, ਫੇਫੜੇ, ਖਾਣਾ ਨਾਲੀ, ਮਿਹਦਾ ਅਤੇ ਅੰਤੜੀਆਂ ਦਾ ਕੈਂਸਰ ਹਨ ਜਦਕਿ ਔਰਤਾਂ ਦੇ 5 ਮੁੱਖ ਕੈਂਸਰ ਬੱਚੇਦਾਨੀ , ਛਾਤੀ, ਨੱਕ, ਕੰਨ, ਗਲ਼ਾ, ਅੰਡਕੋਸ਼ ਅਤੇ ਖਾਣਾ ਨਾਲੀ ਦਾ ਹਨ। ਹਰ ਸਾਲ 1 ਲੱਖ ਦੀ ਆਬਾਦੀ ਪਿੱਛੇ ਭਾਰਤ ਵਿਚ ਕੈਂਸਰ ਦੇ 80 ਅਤੇ ਪੰਜਾਬ ਵਿਚ 90 ਨਵੇਂ ਮਰੀਜ਼ ਪੀੜਤ ਹਨ। ਭਾਰਤ ਅਤੇ ਪੰਜਾਬ ਵਿਚ ਇਹ ਅੰਕੜਾ ਇਕ-ਸਮਾਨ ਭਾਵ 80 ਹੈ। ਪੰਜਾਬ ਵਿਚ ਕੈਂਸਰ ਦਾ ਮੁੱਖ ਕਾਰਨ ਖਾਣਾ ਨਾਲੀ, ਛਾਤੀ ਦਾ ਅਤੇ ਬੱਚੇਦਾਨੀ ਦਾ ਕੈਂਸਰ ਹੈ। ਪੰਜਾਬ ਵਿਚ ਵੱਧ ਕੈਂਸਰ ਵਾਲੇ ਜ਼ਿਲ੍ਹੇ ਕ੍ਰਮਵਾਰ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਹਨ। ਜੇ ਅਸੀਂ ਕੈਂਸਰ ਤੋਂ ਬਚਾਅ ਦੀ ਗੱਲ ਕਰੀਏ ਤਾਂ ਇਹ ਇਕ ਰਾਹਤ ਵਾਲੀ ਗੱਲ ਹੈ ਕਿ 50ਫ਼ੀਸਦੀ ਕੈਂਸਰ ਰੋਕਥਾਮ ਯੋਗ ਹਨ। ਕੈਂਸਰ ਰੋਕਥਾਮ ਦੇ ਮੁੱਖ ਤਰੀਕੇ ਤੰਬਾਕੂ, ਸ਼ਰਾਬ ਦਾ ਪਰਹੇਜ਼, ਮੋਟਾਪੇ ਦਾ ਕੰਟਰੋਲ, ਰੋਜ਼ਾਨਾ ਕਸਰਤ, ਟੀਕਾਕਰਣ, ਸਕਰੀਨਿੰਗ ਅਤੇ ਸਾਫ਼ ਸੁਥਰੀ ਹਵਾ, ਪਾਣੀ, ਖਾਣੇ ਦਾ ਉਪਯੋਗ ਹੈ। ਭਾਰਤ ਵਿਚ ਤੰਬਾਕੂ ਦਾ ਪਾਨ, ਜਰਦੇ ਜਾਂ ਸੁਪਾਰੀ ਦੇ ਜ਼ਿਆਦਾ ਸੇਵਨ ਕਾਰਨ ਨੱਕ, ਮੂੰਹ ਤੇ ਗਲ਼ੇ ਦਾ ਕੈਂਸਰ ਪ੍ਰਮੁੱਖ ਕੈਂਸਰ ਹੈ। ਗਰੀਬ ਅਤੇ ਮੱਧਵਰਗੀ ਦੇਸ਼ਾਂ ਵਿਚ ਹੋਣ ਵਾਲੇ ਹਰ 4 ਕੈਂਸਰ ਦੇ ਕੇਸਾਂ ਵਿਚੋਂ 1 ਅਜਿਹੇ ਵਾਇਰਲ ਇਨਫੈਕਸ਼ਨ (ਹੈਪੇਟਾਈਟਸ ਬੀ, ਸੀ ਅਤੇ ਹਿਊਮਨ ਪੈਪੀਲੋਮਾ ਵਿਸ਼ਾਣੂ) ਨਾਲ ਹੁੰਦਾ ਹੈ। ਜੋ ਕਿ ਰੋਕਥਾਮਯੋਗ ਵੀ ਹੈ ਅਤੇ ਇਲਾਜਯੋਗ ਵੀ।

88263-88099

ਇਲਾਜ



ਸਰਜਰੀ, ਰੇਡੀਓਥੈਰੇਪੀ ਅਤੇ ਕੀਮੋਥੈਰੇਪੀ। ਸਰਜਰੀ ਅਕਸਰ ਪੜਾਅ 1 ਅਤੇ 2 ਵਿਚ ਕੀਤੀ ਜਾਂਦੀ ਹੈ ਜਿਸ ਦੌਰਾਨ ਕੈਂਸਰ ਦੀ ਗੰਢ (ਟਿਊਮਰ) ਨੂੰ ਉਸਦੇ ਆਸ-ਪਾਸ ਦੇ ਕੁੱਝ ਤੰਦਰੁਸਤ ਤੰਤੂਆਂ ਸਮੇਤ ਚੀਰਫਾੜ ਕਰਕੇ ਕੱਢ ਦਿੱਤਾ ਜਾਂਦਾ ਹੈ। ਰੇਡੀਓਥੈਰੇਪੀ ਵਧੇਰੇ ਇਸਤੇਮਾਲ ਹੁੰਦੀ ਹੈ ਜਿਸ ਦੌਰਾਨ ਜ਼ਿਆਦਾ ਸ਼ਕਤੀਸ਼ਾਲੀ ਐਕਸ ਕਿਰਨਾਂ ਦੁਆਰਾ ਕਈ ਦਿਨਾਂ ਵਿਚ ਕੈਂਸਰ ਨੂੰ ਖ਼ਤਮ ਕੀਤਾ ਜਾਂਦਾ ਹੈ। ਬਹੁਤ ਵਾਰ ਰੇਡੀਓਥੈਰੇਪੀ ਕੀਮੋਥੈਰੇਪੀ ਨਾਲ ਮਿਲਾ ਕੇ ਵੀ ਦਿੱਤੀ ਜਾਂਦੀ ਹੈ ਤਾਂ ਜੋ ਬੇਹਤਰ ਨਤੀਜੇ ਆ ਸਕਣ। ਕੈਂਸਰ ਸਭ ਤੋਂ ਘਾਤਕ ਉਸ ਹਾਲਤ ਜਾਂ ਅਵਸਥਾ ਵਿਚ ਮੰਨਿਆ ਜਾਂਦਾ ਹੈ ਜਦੋਂ ਇਹ ਸਰੀਰ ਦੇ ਹੋਰ ਭਾਗਾਂ ਵਿਚ ਵੀ ਫੈਲ ਜਾਂਦਾ ਹੈ। ਇਸ ਸਥਿਤੀ ਵਿਚ ਇਹ ਉਪਚਾਰ ਦੀ ਯੋਗਤਾ ਤੋਂ ਬਾਹਰ ਹੋ ਜਾਂਦਾ ਹੈ। ਕੈਂਸਰ ਦੇ ਫੈਲਣ ਦੇ ਤਿੰਨ ਮੁੱਖ ਢੰਗ ਕ੍ਰਮਵਾਰ ਸਥਾਨਕ ਵਾਧਾ, ਲਿੰਫੈਟਿਕ ਦੁਆਰਾ ਫੈਲਣਾ ਅਤੇ ਖ਼ੂਨ ਦੁਆਰਾ ਫੈਲਣਾ ਹਨ। ਟਿਊਮਰ ਦੇ ਇਕ ਸੈਂਟੀਮੀਟਰ ਆਕਾਰ ਹੋਣ ਤਕ ਉਸ ਦੇ ਅੰਦਰ 1,000,000,000,000 ਕੋਸ਼ਿਕਾਵਾਂ ਪੈਦਾ ਹੋ ਚੁਕੀਆਂ ਹੁੰਦੀਆਂ ਹਨ। ਕਈ ਵਾਰ ਇਸ ਸਥਿਤੀ ਤਕ ਪਹੁੰਚਣ ਲਈ ਕੈਂਸਰ ਨੂੰ 5-10 ਸਾਲ ਵੀ ਲੱਗ ਜਾਂਦੇ ਹਨ ਜਿਸ ਦੌਰਾਨ ਅਸੀਂ ਸਕਰੀਨਿੰਗ ਟੈਸਟ ਕਰ ਕੇ ਕੈਂਸਰ ਨੂੰ ਜਲਦੀ ਤੋਂ ਜਲਦੀ ਪਕੜ ਸਕਦੇ ਹਾਂ ਇਸ ਨੂੰ ਸਰਜਰੀ ਕਰਕੇ ਜੜ੍ਹੋਂ ਮੁਕਾਇਆ ਜਾ ਸਕਦਾ ਹੈ ਕਿਉਂਕਿ ਕੈਂਸਰ ਦੀਆਂ ਕੋਸ਼ਿਕਾਵਾਂ ਬਹੁਤ ਤੇਜ਼ੀ ਨਾਲ ਵਧਦੀਆਂ ਹਨ ਅਤੇ ਇਨ੍ਹਾਂ ਨੂੰ ਵਧਣ ਫੁੱਲਣ ਲਈ ਖ਼ੂਬ ਖ਼ੁਰਾਕ ਦੀ ਜ਼ਰੂਰਤ ਹੁੰਦੀ ਹੈ। ਚੀਰਫਾੜ ਕਰਨ ਲੱਗਿਆਂ ਉਨ੍ਹਾਂ ਅੰਗਾਂ ਅਤੇ ਤੰਤੂਆਂ ਨੂੰ ਵੀ ਕੱਟਣਾ ਪੈਂਦਾ ਹੈ ਜੋ ਕਿ ਜਾਨਲੇਵਾ ਵੀ ਹੋ ਸਕਦਾ ਹੈ ਜਿਵੇਂ ਕਿ ਕਿਸੇ ਟਿਊਮਰ ਦਾ ਦਿਲ ਵਿਚ ਘੁਸ ਜਾਣਾ। ਇਸ ਤੋਂ ਅਗਲੀ ਸਥਿਤੀ ਵਿਚ ਖ਼ੁਰਾਕ ਦੀ ਭਾਲ ਵਿਚ ਕੈਂਸਰ ਸੈੱਲ ਟੁੱਟ ਕੇ ਲਿਮਫੈਟਿਕਸ ਦੇ ਦੁਆਰਾ ਫੈਲਦੇ ਹਨ ਅਤੇ ਲਿੰਫ ਗੰਢਾਂ ਵਿਚ ਜਾ ਬੈਠਦੇ ਹਨ ਅਤੇ ਵਧਣ ਲਗਦੇ ਹਨ। ਇਥੇ ਚੀਰਫਾੜ ਦੀ ਬਜਾਏ ਰੈਡੀਏਸ਼ਨ ਅਤੇ ਕੀਮੋਥੈਰੇਪੀ ਦੁਆਰਾ ਇਲਾਜ ਕੀਤਾ ਜਾਂਦਾ ਹੈ। ਭਾਰਤ ਵਿਚ ਔਸਤਨ ਉਮਰ 68 ਸਾਲ ਹੈ। ਵਿਕਾਸਸ਼ੀਲ ਦੇਸ਼ਾਂ ਦੇ ਲੋਕ ਉਮਰ ਦੇ ਪਹਿਲੇ ਪੜਾਵਾਂ ਵਿਚ ਹੀ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਕਰਕੇ ਕੈਂਸਰ ਦੇ ਪਤਾ ਲੱਗਣ ਜਾਂ ਵੱਡੀ ਉਮਰ ਵਿਚ ਕੈਂਸਰ ਹੋਣ ਦੀ ਨੌਬਤ ਘੱਟ ਆਉਂਦੀ ਹੈ ਪਰ ਵਿਕਸਿਤ ਦੇਸ਼ਾਂ ਨੇ ਵਧੇਰੇ ਬਿਮਾਰੀਆਂ 'ਤੇ ਕਾਬੂ ਪਾ ਹੀ ਲਿਆ ਹੈ। ਕੈਂਸਰ ਤੋਂ ਬਚਾਅ ਜਾਂ ਰੋਕਥਾਮ ਲਈ ਸਾਨੂੰ ਆਪਣੀ ਜੀਵਨ ਸ਼ੈਲੀ ਨੂੰ ਬਦਲਣਾ ਪਵੇਗਾ। ਇਸ ਦੇ ਇਲਾਵਾ ਚੰਗੀ ਖ਼ੁਰਾਕ, ਮੋਟਾਪੇ 'ਤੇ ਕਾਬੂ ਰੱਖਣ ਲਈ ਨਿਰੰਤਰ ਕਸਰਤ ਕਰਨ ਨਾਲ ਵੀ ਕੈਂਸਰ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। ਚੰਗੀ ਵਿਟਾਮਿਨ ਯੁਕਤ ਸੰਤੁਲਤ ਖ਼ੁਰਾਕ ਲੈਣ ਨਾਲ, ਰੱਜ ਕੇ ਪਾਣੀ ਪੀਣ ਅਤੇ ਫਾਸਟ ਫੂਡ, ਤਲੀਆਂ ਚੀਜ਼ਾਂ ਅਤੇ ਲਾਲ ਮਾਸ ਦੀ ਵਰਤੋਂ ਘੱਟ ਜਾਂ ਖ਼ਤਮ ਕਰ ਕੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

ਸਿਮਰਿਤ ਸ਼ਲੋਕਾਂ 'ਚ ਸਿਹਤ

ਡਾ. ਮਹਿਕ ਕੰਬੋਜ
9888442677

हिताहितं सुखं दुः ख़मायुस्तस्य हिताहितम्।
मानं च तच्च यत्रोक्तमायुर्वेद : स उच्यजे।।
(च.सू 1/41)

ਜਿਸ ਗ੍ਰੰਥ 'ਚ (1) ਹਿਤ ਆਯੂ (2) ਅਹਿਤ ਆਯੂ (3) ਸੁੱਖ ਆਯੂ (4) ਦੁੱਖ ਆਯੂ, ਇਨ੍ਹਾਂ ਚਾਰ ਪ੍ਰਕਾਰ ਦੀਆਂ ਆਯੂ ਦੇ ਵਾਸਤੇ ਹਿਤ, ਅਹਿਤ, ਇਸ ਆਯੂ ਦਾ ਮਾਨ (ਪ੍ਰਮਾਣ) ਤੇ ਆਯੂ ਦਾ ਸਵਰੂਪ ਦੱਸਿਆ ਗਿਆ ਹੋਵੇ, ਉਸਨੂੰ ਆਯੁਰਵੈਦ ਗ੍ਰੰਥ ਕਿਹਾ ਜਾਂਦਾ ਹੈ।

विद्या वितर्को विज्ञानं स्मृतिस्तत्परता क्रिया।
यस्यैते षड्गुणास्तस्य न साध्य मतिवर्तते।।
(च.सू 9/21)

*(1) ਵਿਦਯਾ (ਆਯੁਰਵੈਦ

ਅਪਾਰ ਆਈ.ਡੀ.ਬਣਾਉਣ ਲਈ ਡੀ.ਈ.ਓ.ਪ੍ਰਾਇਮਰੀ ਵੱਲੋਂ ਕੀਤੀ ਜਾ ਰਹੀ ਹੈ ਧੱਕੇਸ਼ਾਹੀ

ਬੀ.ਪੀ.ਈ.ਓ. ਜਗਰਾਉਂ ਵੱਲੋਂ ਅਹੁਦੇ ਦੀ ਦੁਰਵਰਤੋਂ ਕਰਕੇ ਚੱਲ ਰਹੀ ਜਾਂਚ ਨੂੰ ਪ੍ਰਭਾਵਿਤ ਕਰਨ ਦੇ ਸਬੂਤ ਲੈ ਕੇ ਜ਼ਿਲ੍ਹਾ ਸਿੱਖਿਆ ਦਫ਼ਤਰ ਪੁੱਜੀ ਡੈਮੋਕਰੇਟਿਕ ਟੀਚਰਜ਼ ਫਰੰਟ

ਮਾਛੀਵਾੜਾ ਸਾਹਿਬ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੈਮੋਕਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਦੀ ਪ੍ਰਧਾਨਗੀ ਹੇਠ ਹੋਈ। ਜੱਥੇਬੰਦੀ ਵੱਲੋਂ ਅੱਜ ਕੁਝ ਅਹਿਮ ਮਸਲਿਆਂ ਜਿਵੇਂ ਅਪਾਰ ਆਈ ਡੀ ਬਣਾਉਣ, ਬੀਪੀਈਓ ਜਗਰਾਉਂ ਵਿਰੁੱਧ ਚੱਲ ਰਹੀ ਜਾਂਚ ਸਬੰਧੀ ਜਾਂਚ ਅਧਿਕਾਰੀ ਦੇ ਪੱਖਪਾਤੀ ਰਵਈਏ ਬਾਰੇ ਗੱਲਬਾਤ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਨੂੰ ਫੋਨ ਲਗਾਇਆ ਗਿਆ। ਪਰ ਅਧਿਕਾਰੀ ਵੱਲੋਂ ਫੋਨ ਨਾ ਚੁੱਕਿਆ ਗਿਆ। ਜ਼ਿਲ੍ਹੇ ਦੇ ਅਧਿਆਪਕ, ਇਨ੍ਹਾਂ ਮਹੀਨਿਆਂ ਵਿੱਚ ਜਦੋਂ ਕਿ ਪੇਪਰਾਂ ਦਾ ਸਮਾਂ ਨੇੜੇ ਹੈ, ਪੜ੍ਹਾਈ ਕਰਵਾਉਣ ਵੱਲ ਸਾਰਾ ਜ਼ੋਰ ਲਗਾ ਰਹੇ ਹਨ, ਉਸੇ ਸਮੇਂ ਇਸ ਅਧਿਕਾਰੀ ਵੱਲੋਂ ਧਮਕੀਆਂ ਭਰੇ ਲਹਿਜ਼ੇ ਵਿੱਚ ਅਪਾਰ ਆਈ ਡੀ ਬਣਾਉਣ ਲਈ ਅਧਿਆਪਕਾਂ ਉੱਤੇ ਦਬਾਅ ਪਾਇਆ ਜਾ ਰਿਹਾ ਹੈ। ਅਜਿਹੇ ਵਿੱਚ ਸਹਿਮੇ ਹੋਏ ਅਧਿਆਪਕਾਂ ਸਕੂਲਾਂ ਵਿੱਚ ਪੜ੍ਹਾਈ ਕਰਵਾਉਣ ਦੀ ਜਗ੍ਹਾ ਸਵੇਰੇ ਹੀ ਬੱਚਿਆਂ ਦੇ ਘਰਾਂ ਵਿੱਚ ਜਾ ਕੇ ਅਪਾਰ ਆਈ ਡੀ ਬਣਾਉਣ ਲਈ ਤੁਰ ਪੈਂਦੇ ਹਨ। ਅਜਿਹੀ ਸਥਿਤੀ ਵਿੱਚ ਸੈਸ਼ਨ ਦੇ ਆਖਰੀ ਮਹੀਨਿਆਂ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਜੋ ਹਾਲ ਹੋਵੇਗਾ ਆਪ ਹੀ ਸੋਚ ਸਕਦੇ ਹਾਂ। ਆਗੂਆਂ ਨੇ ਕਿਹਾ ਕਿ ਜਦੋਂ ਇਹ ਅਪਾਰ ਆਈ ਡੀ ਬਣਾਉਣ ਲਈ ਮਾਪਿਆਂ ਤੋਂ ਸਹਿਮਤੀ ਲੈਣੀ ਜ਼ਰੂਰੀ ਹੈ ਫਿਰ ਅਧਿਕਾਰੀ ਵੱਲੋਂ ਕਿਉ ਧੱਕੇ ਨਾਲ ਇਹ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ। ਜੋ ਮਾਪੇ ਸਹਿਮਤੀ ਨਹੀਂ ਦੇ ਰਹੇ ਉਨ੍ਹਾਂ ਬੱਚਿਆਂ ਦੀ ਅਪਾਰ ਆਈ ਡੀ ਨਹੀਂ ਬਣਾਈ ਜਾ ਸਕਦੀ। ਆਗੂਆਂ ਨੇ ਕਿਹਾ ਕਿ ਜੇਕਰ ਇਸ ਅਧਿਕਾਰੀ ਨੂੰ ਅਪਾਰ ਆਈ ਡੀ ਬਣਾਉਣ ਲਈ ਇੰਨਾ ਹੀ ਉਤਸ਼ਾਹ ਹੈ ਤਾਂ ਇਹ ਅਧਿਕਾਰੀ ਸਰਕਾਰ ਕੋਲੋਂ ਅਪਾਰ ਆਈ ਡੀ ਬਣਾਉਣ ਲਈ ਮਾਪਿਆਂ ਵੱਲੋਂ ਲਏ ਜਾਣ ਵਾਲੇ ਸਹਿਮਤੀ ਪੱਤਰ ਦੀ ਸ਼ਰਤ ਚੁਕਵਾ ਦੇਵੇ। ਇਸ ਅਧਿਕਾਰੀ ਵੱਲੋਂ ਅਧਿਆਪਕਾਂ ਨੂੰ ਅਪਾਰ ਆਈ ਡੀ ਬਣਾਉਣ ਲਈ ਬੱਚਿਆਂ ਦੇ ਅਧਾਰ ਕਾਰਡ ਅਤੇ ਜਨਮ ਸਰਟੀਫਿਕੇਟ ਬਣਾਉਣ ਤੱਕ ਦੇ ਨਾਦਰਸ਼ਾਹੀ ਹੁਕਮ ਦਿੱਤੇ ਜਾ ਰਹੇ ਹਨ। ਆਗੂਆਂ ਨੇ ਸਵਾਲ ਕੀਤਾ ਕਿ ਅਧਿਆਪਕ ਇਨ੍ਹਾਂ ਮਹੀਨਿਆਂ ਵਿੱਚ ਪੜ੍ਹਾਈ ਕਰਵਾਉਣ ਜਾਂ ਅਧਿਕਾਰੀਆਂ ਦੇ ਅਜਿਹੇ ਹੁਕਮ ਮੰਨ ਕੇ ਸਕੂਲਾਂ ਵਿੱਚੋਂ ਬਾਹਰ ਜਾ ਕੇ ਇਨ੍ਹਾਂ ਗੈਰ ਵਿਦਿਅਕ ਕੰਮਾਂ ਵਿੱਚ ਲੱਗ ਜਾਣ। ਆਗੂਆਂ ਨੇ ਕਿਹਾ ਕਿ ਅਧਿਆਪਕ ਹੁਣ ਇਨ੍ਹਾਂ ਅਧਿਕਾਰੀਆਂ ਦੀ ਇਹ ਧਮਕੀਆਂ ਭਰੀ ਸ਼ੈਲੀ ਨੂੰ ਹੋਰ ਬਰਦਾਸ਼ਤ ਨਹੀਂ ਕਰਨਗੇ। ਆਗੂਆਂ ਨੇ ਇਸ ਅਧਿਕਾਰੀ ਵੱਲੋਂ ਫੋਨ ਨਾ ਚੁੱਕਣ ਦਾ ਸਖ਼ਤ ਨੋਟਿਸ ਲਿਆ ਅਤੇ ਜੱਥੇਬੰਦੀ ਨਾਲ ਗੱਲ ਕਰਨ ਤੋਂ ਭਜਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਜੇਕਰ ਇਸ ਅਧਿਕਾਰੀ ਦਾ ਇਹੋ ਰਵਈਆ ਰਿਹਾ ਤਾਂ ਜੱਥੇਬੰਦੀ ਵੱਲੋਂ ਦਫ਼ਤਰ ਘੇਰਿਆ ਜਾਵੇਗਾ। ਇਸ ਉਪਰੰਤ ਆਗੂਆਂ ਨੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਾਇਮਰੀ ਮਨੋਜ ਕੁਮਾਰ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਵੀ ਖੜ੍ਹੇ-ਖੜ੍ਹੇ ਹੀ ਬਹੁਤ ਘਟ ਸਮੇਂ ਲਈ ਗੱਲਬਾਤ ਕੀਤੀ ਗਈ। ਬੀਪੀਈਓ ਜਗਰਾਉਂ ਵਿਰੁੱਧ ਚੱਲ ਰਹੀ ਜਾਂਚ ਦੇ ਪੜਤਾਲ ਕਰਤਾ ਅਫ਼ਸਰ ਹੋਣ ਕਰਕੇ ਉਨ੍ਹਾਂ ਨਾਲ ਗੱਲ ਕਰਨ ਲੱਗੇ ਤਾਂ ਉਹ ਜਵਾਬ ਦੇਣ ਤੋਂ ਭਜਦੇ ਦਿਖੇ। ਜੱਥੇਬੰਦੀ ਨੂੰ ਮਿਲੀ ਸੂਚਨਾ ਅਨੁਸਾਰ ਇਸ ਅਧਿਕਾਰੀ ਵੱਲੋਂ ਵੀ ਜਾਂਚ ਨੂੰ ਪੱਖਪਾਤੀ ਤਰੀਕੇ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਬੀਪੀਈਓ ਵੱਲੋਂ ਬਲਾਕ ਵਿੱਚ ਕੀਤੀਆਂ ਜਾ ਰਹੀਆਂ ਕਰਵਾਈਆਂ ਨਾਲ ਇਹ ਜਾਂਚ ਪ੍ਰਭਾਵਿਤ ਕੀਤੀ ਜਾ ਰਹੀ ਹੈ। ਇਸ ਸਬੰਧੀ ਜੱਥੇਬੰਦੀ ਕੋਲ ਸਬੂਤ ਮੌਜੂਦ ਹਨ। ਜਦੋਂ ਇਸ ਸਬੰਧੀ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਗੱਲ ਕੀਤੀ ਗਈ ਤਾਂ ਉਹ ਇਸ ਗੱਲ ਤੋਂ ਅਣਜਾਣ ਹੋਣ ਦਾ ਦਿਖਾਵਾ ਕਰਦੇ ਦਿਖੇ। ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਵੱਲੋਂ ਜਾਂਚ ਅਧਿਕਾਰੀ ਨੂੰ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਇਹ ਜਾਂਚ ਸਹੀ ਢੰਗ ਨਾਲ ਨਾ ਕੀਤੀ ਗਈ ਤਾਂ ਜੱਥੇਬੰਦੀ ਇਸ ਸਬੰਧੀ ਤਿੱਖਾ ਸੰਘਰਸ਼ ਛੇੜਨ ਲਈ ਅੱਗੇ ਆਵੇਗੀ। ਇਸ ਸਮੇਂ ਹਰਜੀਤ ਸਿੰਘ ਸੁਧਾਰ, ਦਵਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਖੰਨਾ, ਹਰਪਿੰਦਰ ਸ਼ਾਹੀ, ਗੁਰਦੀਪ ਹੇਰਾਂ, ਰਾਜਿੰਦਰ ਸਿੰਘ, ਹੁਸ਼ਿਆਰ ਸਿੰਘ, ਅਰਵਿੰਦਰ ਭੰਗੂ, ਪਰਮਜੀਤ ਸਿੰਘ, ਬਲਜੀਤ ਸਿੰਘ, ਹਰਦੀਪ ਸਿੰਘ, ਇੰਦਰਪ੍ਰੀਤ ਸਿੰਘ, ਰਣਜੀਤ ਸਿੰਘ, ਸੁਖਜਿੰਦਰ ਸਿੰਘ ਅਧਿਆਪਕ ਸਾਥੀ ਮੌਜੂਦਾ ਸਨ।

ਖੁਸ਼ਹਾਲੀ ਦਾ ਪ੍ਰਤੀਕ ਬਸੰਤ ਪੰਚਮੀ ਦਾ ਤਿਉਹਾਰ ਸਾਰਿਆਂ ਨੂੰ ਖ਼ੁਸ਼ੀਆਂ ਵੰਡਣ ਵਾਲਾ ਹੋਵੇ : ਪ੍ਰਧਾਨ ਕਸ਼ਮੀਰੀ ਲਾਲ ਗਰਗ

ਬਠਿੰਡਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬਸੰਤ ਪੰਚਮੀ ਵਾਲ਼ੇ ਦਿਨ ਬਠਿੰਡਾ ਸਮੇਤ ਪੂਰੇ ਮਾਲਵੇ ਵਿੱਚ ਪਤੰਗ ਉਡਾਏ ਜਾਂਦੇ ਹਨ ਇਸ ਦਿਨ ਸਵੇਰ ਤੋਂ ਲੈਕੇ ਸ਼ਾਮ ਤੱਕ ਲੋਕ ਡੀ.ਜੇ. ਲਗਾ ਕੇ ਨੱਚ ਟੱਪਕੇ ਖ਼ੂਬ ਆਨੰਦ ਮਾਨਦੇ ਹਨ ਇਸਦੇ ਨਾਲ ਹੀ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਪਤੰਗ ਚੜ੍ਹਾਉਣ ਦਾ ਕਰੇਜ਼ ਪੁਰਾਣੇ ਸਮਿਆਂ ਤੋਂ ਹੀ ਚਲਿਆ ਆ ਰਿਹਾ ਹੈ ਫ਼ਿਰ ਚਾਹੇ ਸਮਾਂ ਅਤੇ ਦਿਨ ਵਖਰੇ ਵੱਖਰੇ ਹਨ ਜਿਵੇ ਅੰਮ੍ਰਿਤਸਰ ਦੇ ਨਾਲ ਦੇ ਏਰੀਏ ਵਿੱਚ ਲੋਕ ਲੋਹੜੀ ਮੌਕੇ ਖ਼ੂਬ ਪਤੰਗ ਚੜਾਉਂਦੇ ਹਨ, ਇਸ ਤਰ੍ਹਾਂ ਪੰਜਬ ਵਿੱਚ ਬੇਸ਼ੱਕ ਪਤੰਗ ਚੜ੍ਹਾਉਣ ਦਾ ਸਮਾਂ ਵੱਖਰਾ ਵੱਖਰਾ ਹੈ ਪਰ ਕਰੇਜ਼ ਪੂਰੇ ਪੰਜਾਬ ਵਿੱਚ ਹੀ ਬਹੁਤ ਜਿਆਦਾ ਹੈ ਬਠਿੰਡਾ ਸਮੇਤ ਪੂਰੇ ਮਾਲਵੇ ਏਰੀਏ ਦੇ ਲੋਕ ਬਸੰਤ ਪੰਚਮੀ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ ਇਸ ਨੂੰ ਇਕ ਤਿਉਹਾਰ ਵੱਜੋ ਮਣਾਇਆ ਜਾਂਦਾ ਹੈ, ਪਤੰਗ ਜਿਸਨੂੰ ਅਸਮਾਨੀ ਚੜ੍ਹਾਉਣ ਵਾਸਤੇ ਡੋਰ ਦੀ ਲੋੜ ਹੁੰਦੀ ਹੈ ਅੱਜ ਕੱਲ ਚਾਈਨਾ ਨਾਮ ਦੀ ਡੋਰ ਨੇ ਇਸ ਤਿਉਹਾਰ ਦਾ ਜਿਵੇਂ ਕਤਲ ਹੀ ਕਰ ਕੇ ਰੱਖ ਦਿੱਤਾ ਹੈ ਇਸ ਖੁਸ਼ੀਆਂ ਦੇ ਤਿਉਹਾਰ ਨੂੰ ਚਾਈਨਾ ਡੋਰ ਕਰਕੇ ਅੱਜ ਕੱਲ ਲੋਕ ਬਸੰਤ ਮੌਕੇ ਪਤੰਗ ਉਡਾਉਣ ਤੋਂ ਹੀ ਡਰਨ ਲੱਗੇ ਹਨ।

ਚਾਈਨਾ ਡੋਰ ਕਰਕੇ ਬਣੇ ਗੰਭੀਰ ਮਾਹੌਲ

ਬਾਰੇ ਪ੍ਰਧਾਨ ਕਸ਼ਮੀਰੀ ਲਾਲ ਗਰਗ ਦਾ ਕਹਿਣਾ ਹੈ ਕਿ ਲੋਕਾਂ ਨੂੰ ਅਜੇਹੀ ਖ਼ਤਰਨਾਕ ਚਾਈਨਾ ਡੋਰ ਦਾ ਇਸਤੇਮਾਲ ਬਿਲਕੁਲ ਨਹੀਂ ਕਰਨਾ ਚਾਹੀਦਾ ਜਿਸ ਕਰਕੇ ਰੋਜਾਨਾ ਹੀ ਪੰਛੀ, ਜਾਨਵਰ ਅਤੇ ਇਨਸਾਨ ਜ਼ਖਮੀਂ ਹੋ ਰਹੇ ਹੋਣ ਅਤੇ ਖੁਸ਼ੀਆਂ ਭਰੇ ਮਾਹੌਲ ਗ਼ਮਗੀਨ ਹੋ ਰਹੇ ਹੋਣ ਓਹਨਾ ਨੇ ਅੱਗੇ ਕਿਹਾ ਕਿ ਭਾਂਵੇਂ ਸਰਕਾਰ ਨੇ ਇਸ ਡੋਰ ਉੱਤੇ ਪਾਬੰਦੀ ਲਗਾਈ ਹੋਈ ਹੈ ਪਰ ਇਸਦੇ ਬਾਵਜੂਦ ਵੀ ਹਰ ਰੋਜ਼ ਇਸ ਡੋਰ ਨਾਲ ਹੋ ਰਹੀਆਂ ਘਟਨਾਵਾਂ ਆਮ ਗੱਲ ਹਨ ਪ੍ਰਧਾਨ ਕਸ਼ਮੀਰੀ ਲਾਲ ਨੇ ਜਨਤਾ ਦੇ ਨਾਮ ਇਸ ਸੁਨੇਹੇ ਰਾਹੀਂ ਕਿਹਾ ਕਿ ਅਜਿਹੀ ਖ਼ਤਰਨਾਕ ਡੋਰ ਦਾ ਇਸਤੇਮਾਲ ਬਿਲਕੁਲ ਨਾ ਕੀਤਾ ਜਾਵੇ, ਤਾਂ ਜੋਂ ਆਉਣ ਵਾਲੇ ਬਸੰਤ ਪੰਚਮੀ ਦੇ ਤਿਉਹਾਰ ਨੂੰ ਹਰ ਕੋਈ ਖੁਸ਼ੀ ਖੁਸ਼ੀ ਅਤੇ ਬਿਨਾਂ ਡਰ ਤੋਂ ਮਨਾ ਸਕੇ।

ਇਸ ਬਾਰੇ ਚੌਕੀ ਇੰਚਾਰਜ ਸਬ ਇੰਸਪੈਕਟਰ ਮੋਹਨਦੀਪ ਸਿੰਘ ਦਾ ਕਹਿਣਾ ਸੀ ਕਿ ਉਹ ਅਜੇ ਬਿਤੇ ਕੱਲ ਹੀ ਬਾਜ਼ਾਰ ਵਿੱਚ ਚੈਕਿੰਗ ਕਰਕੇ ਆਏ ਹਨ ਅਤੇ ਅਜਿਹੀ ਚੈਕਿੰਗ ਅੱਗੇ ਵੀ ਜਾਰੀ ਰਹੇਗੀ ਕੁਲ ਮਿਲਾ ਕੇ ਜੋ ਗੱਲ ਕਰੀਏ ਤਾਂ ਆਮ ਜਨਤਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਵੀ ਅਜੇਹੀ ਖ਼ਤਰਨਾਕ ਡੋਰ ਤੋਂ ਦੂਰ ਰੱਖਣ, ਇਸਦੇ ਨਾਲ ਹੀ ਐਸ. ਐਚ. ਓ. ਥਾਣਾ ਨੇਹੀਆਂ ਵਾਲਾ ਦਾ ਕਹਿਣਾ ਸੀ ਕਿ ਜੇਕਰ ਕੋਈ ਇਸ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਫ਼ੜਿਆ ਗਿਆ ਤਾਂ ਉਸਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

ਵਿਦਿਆਰਥੀਆਂ ਨਾਲ ਗਲਤ ਵਤੀਰਾ ਵਰਤਣ ਖ਼ਿਲਾਫ਼ ਸਕੂਲ ਦਾ ਪ੍ਰਿੰਸੀਪਲ ਮੁਅੱਤਲ ਤੇ ਕੈਂਪਸ ਮੈਨੇਜਰ ਬਰਖਾਸਤ

ਸਕੂਲਾਂ ਵਿੱਚ ਸੁਰੱਖਿਅਤ ਤੇ ਸਨਮਾਨਜਨਕ ਮਾਹੌਲ ਪ੍ਰਤੀ ਸਰਕਾਰ ਵਚਨਬੱਧ: ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਆਦੇਸ਼ਾਂ 'ਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਅੱਜ ਲੁਧਿਆਣਾ ਦੇ ਇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੂੰ ਮੁਅੱਤਲ ਕਰ ਦਿੱਤਾ ਅਤੇ ਸਕੂਲ ਦੇ ਕੈਂਪਸ ਮੈਨੇਜਰ ਨੂੰ ਬਰਖਾਸਤ ਕਰ ਦਿੱਤਾ ਗਿਆ। ਵਿਭਾਗ ਵੱਲੋਂ ਇਨ੍ਹਾਂ ਖਿਲਾਫ ਇਹ ਸਖਤ ਕਾਰਵਾਈ ਸਕੂਲ ਵਿਚ ਲੇਟ ਆਉਣ ਵਾਲੇ ਵਿਦਿਆਰਥੀਆਂ ਨੂੰ ਗ਼ੈਰਵਾਜ਼ਬ ਤੇ ਸਰੀਰਕ ਸਜ਼ਾ ਦੇਣ ਕਰਕੇ ਕੀਤੀ ਗਈ ਹੈ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਵਾਹਰ ਨਗਰ, ਸਕੂਲ ਆਫ਼ ਐਮੀਨੇਂਸ (ਲੜਕੇ), ਲੁਧਿਆਣਾ ਦੇ ਪ੍ਰਿੰਸੀਪਲ ਅਤੇ ਕੈਂਪਸ ਮੈਨੇਜਰ ਨੇ ਸਕੂਲ ਵਿਚ ਦੇਰ ਨਾਲ ਆਉਣ ਵਾਲੇ ਵਿਦਿਆਰਥੀਆਂ ਤੋਂ ਸਜ਼ਾ ਵਜੋਂ ਰੇਤਾ ਅਤੇ ਬੱਜਰੀ ਚੁਕਵਾਈ ਗਈ ਸੀ। ਇਸ ਲਈ ਸਕੂਲ ਦੇ ਪ੍ਰਿੰਸੀਪਲ ਨੂੰ ਤਾਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਕੈਂਪਸ ਮੈਨੇਜਰ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ।

ਸ. ਬੈਂਸ ਨੇ ਕਿਹਾ, "ਇਹ ਘਟਨਾ ਅੱਜ ਮੇਰੇ ਧਿਆਨ ਵਿੱਚ ਆਈ ਸੀ ਅਤੇ ਇਸ ਉੱਤੇ ਤੁਰੰਤ ਸਖ਼ਤ ਕਾਰਵਾਈ ਕੀਤੀ ਗਈ ਹੈ।" ਵਿਦਿਆਰਥੀਆਂ ਲਈ ਸਰਕਾਰੀ ਸਕੂਲਾਂ ਵਿੱਚ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਸਪੱਸ਼ਟ ਤੌਰ 'ਤੇ ਹਦਾਇਤ ਕੀਤੀ ਕਿ ਕਿਸੇ ਵੀ ਅਧਿਆਪਕ ਵੱਲੋਂ ਅਜਿਹਾ ਕੁਰਖ਼ਤ ਵਤੀਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਰੇ ਵਿਦਿਆਰਥੀਆਂ ਦੀ ਭਲਾਈ ਅਤੇ ਤਰੱਕੀ ਲਈ ਸਿੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਢਾਹ ਲਾਉਣ ਵਾਲੀ ਕਿਸੇ ਵੀ ਕਾਰਵਾਈ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਪੁਰਸਕਾਰਾਂ ਲਈ ਪੁਸਤਕਾਂ ਦੀ ਮੰਗ

ਪਟਿਆਲਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਸ਼ਾ ਵਿਭਾਗ, ਪੰਜਾਬ ਵੱਲੋਂ ਪਹਿਲੀ ਜਨਵਰੀ 2024 ਤੋਂ 31 ਦਸੰਬਰ 2024 ਤੱਕ ਵੱਖ-ਵੱਖ ਵੰਨਗੀਆਂ ਦੀਆਂ ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੀਆਂ ਛਪੀਆਂ ਪੁਸਤਕਾਂ, ਸਾਲ 2025 ਦੇ 'ਸਰਵੋਤਮ ਹਿੰਦੀ/ਸੰਸਕ੍ਰਿਤ ਪੁਸਤਕ ਪੁਰਸਕਾਰਾਂ' ਲਈ ਮੰਗੀਆਂ ਗਈਆਂ ਹਨ।

ਵੱਖ-ਵੱਖ ਵੰਨਗੀਆਂ ਨਾਲ ਸਬੰਧਤ ਪੁਰਸਕਾਰਾਂ ਲਈ ਚਾਰ-ਚਾਰ ਪੁਸਤਕਾਂ ਸਮੇਤ ਬਿਨੈ-ਪੱਤਰ (ਪ੍ਰੋਫਾਰਮਾ) ਦਸਤੀ ਜਾਂ ਡਾਕ ਰਾਹੀਂ ਵਿਭਾਗ ਦੇ ਮੁੱਖ ਦਫ਼ਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿੱਚ 31 ਮਾਰਚ ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ।

ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਸਰਵੋਤਮ ਹਿੰਦੀ ਪੁਸਤਕ ਪੁਰਸਕਾਰ ਵਿੱਚ ਗਿਆਨੀ ਸੰਤ ਸਿੰਘ ਪੁਰਸਕਾਰ, ਸੁਦਰਸ਼ਨ ਗਲਪ ਪੁਰਸਕਾਰ, ਮੋਹਨ ਰਾਕੇਸ਼ ਪੁਰਸਕਾਰ, ਇੰਦਰਨਾਥ ਮਦਾਨ (ਆਲੋਚਨਾ/ ਸੰਪਾਦਨ/ ਗਿਆਨ/ ਖੋਜ) ਪੁਰਸਕਾਰ, ਗਿਆਨੀ ਗਿਆਨ ਸਿੰਘ (ਜੀਵਨੀ/ ਸਫ਼ਰਨਾਮਾ/ ਰੇਖਾ ਚਿੱਤਰ/ ਸੰਸਮਰਨ) ਪੁਰਸਕਾਰ, ਬਾਬਾ ਫਤਹਿ ਸਿੰਘ (ਬਾਲ ਸਾਹਿਤ) ਪੁਰਸਕਾਰ, ਸਰਵੋਤਮ ਸੰਸਕ੍ਰਿਤ ਪੁਸਤਕ ਪੁਰਸਕਾਰ ਤੇ ਕਾਲੀ ਦਾਸ ਪੁਰਸਕਾਰ ਪ੍ਰਦਾਨ ਕੀਤੇ ਜਾਣੇ ਹਨ।

ਖੁਸ਼ਬੂ ਸਾਵਨਸੁਖਾ ਸਵਨਾ ਨੇ ਬਾਬਾ ਦੀਪ ਸਿੰਘ ਜੀ ਸਪੋਰਟਸ ਅਤੇ ਵੈਲਫ਼ੇਅਰ ਕਲੱਬ ਵੱਲੋਂ ਬੇਗਾਵਾਲੀ ਵਿਖ਼ੇ ਕਰਵਾਏ ਕ੍ਰਿਕਟ ਟੂਰਨਾਮੈਂਟ ਵਿੱਚ ਕੀਤੀ ਸ਼ਿਰਕਤ

ਫਾਜ਼ਿਲਕਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਧਰਮਪਤਨੀ ਖੁਸ਼ਬੂ ਸਾਵਨਸੁਖਾ ਸਵਨਾ ਨੇ ਬਾਬਾ ਦੀਪ ਸਿੰਘ ਜੀ ਸਪੋਰਟਸ ਅਤੇ ਵੈਲਫ਼ੇਅਰ ਕਲੱਬ ਵੱਲੋਂ ਬੇਗਾਵਾਲੀ ਵਿਖ਼ੇ ਕਰਵਾਏ ਕ੍ਰਿਕਟ ਟੂਰਨਾਮੈਂਟ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਜੇਤੂ ਟੀਮ ਅਤੇ ਖਿਡਾਰੀਆਂ ਨੂੰ ਵਧਾਈ ਵੀ ਦਿੱਤੀ ਅਤੇ ਇਨਾਮ ਵੀ ਦਿੱਤੇ।

ਖੁਸ਼ਬੂ ਸਾਵਸਨਸੁਖਾ ਸਵਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਮਾੜੀਆਂ ਕੁਰੀਤੀਆਂ ਵੱਲ ਧਿਆਨ ਨਾ ਦੇ ਕੇ ਖੇਡਾਂ ਖੇਡਣ ਵੱਲ ਆਪਣੀ ਐਨਰਜੀ ਨੂੰ ਲਗਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਖੇਡਾਂ ਵੱਲ ਧਿਆਨ ਕੇਂਦਰਿਤ ਕਰਦਿਆਂ ਜਿਥੇ ਆਪਣੀ ਸਿਹਤ ਨੂੰ ਤੰਦਰੁਸਤ ਰਖਿਆ ਜਾ ਸਕਦਾ ਹੈ ਉਥੇ ਖੇਡਾਂ

ਸੰਪਾਦਕੀ

ਵਾਈਸ ਚਾਂਸਲਰਾਂ ਦੀ ਨਿਯੁਕਤੀ ਅਤੇ ਨੈਤਿਕ ਕੋਡ ਆਫ ਕੰਡਕਟ

ਭਾਵ, ਜੋ ਸੱਚ ਨੂੰ ਸੱਚ ਕਹਿਣ ਦਾ ਜੇਰਾ ਰੱਖਦਾ ਹੋਵੇ, ਪ੍ਰਬੰਧਕੀ ਵਿਚ ਨਿਪੁੰਨ ਹੋਵੇ, ਯੂਨੀਵਰਸਿਟੀ ਵਿਚ ਅਕਾਦਮਿਕਤਾ ਕਾਇਮ ਕਰਨ ਲਈ ਪ੍ਰਤੀਬੱਧ ਹੋਵੇ, ਉਸ ਵਿਚ ਅਕਾਦਮਿਕ ਭਾਈਚਾਰੇ ਦੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਨ ਦੀ ਸਮਰੱਥਾ ਹੋਵੇ, ਵਾਈਸ ਚਾਂਸਲਰ ਦੀ ਚੋਣ ਇਸ ਆਧਾਰ 'ਤੇ ਹੋਣੀ ਚਾਹੀਦੀ ਹੈ। ਇਹ ਸ਼ਬਦ ਕੁਠਾਰੀ ਕਮਿਸ਼ਨ (1964-66) ਦੇ ਪੰਨਾ 611 ਅਤੇ ਪੈਰਾ 13.32 ਵਿਚ ਵਾਈਸ ਚਾਂਸਲਰਾਂ ਦੀ ਨਿਯੁਕਤੀ ਅਤੇ ਨੈਤਿਕ ਕੋਡ ਆਫ ਕੰਡਕਟ ਸਬੰਧੀ ਦਰਜ ਕੀਤੇ ਗਏ ਹਨ। ਇਸ ਤੋਂ ਪਹਿਲਾਂ ਡਾ. ਐੱਸ ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੇ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948-49) ਵਿਚ 'ਖੋਜ ਅਤੇ ਅਧਿਆਪਨ ਦੀ ਲੀਡਰਸ਼ਿਪ ਕੌਣ ਕਰੇ', ਬਾਰੇ ਸਪਸ਼ਟ ਦਰਜ ਕੀਤਾ ਗਿਆ, ਵਾਈਸ ਚਾਂਸਲਰ ਦੀ ਨਿਯੁਕਤੀ ਕਰਦੇ ਸਮੇਂ ਅਕਾਦਮਿਕ ਖੇਤਰ ਦੀਆਂ ਉਹ ਸ਼ਖ਼ਸੀਅਤਾਂ ਜੋ ਖੋਜ ਅਤੇ ਅਧਿਆਪਨ ਦੇ ਖੇਤਰ ਵਿਚ ਰੁਚੀ ਰਖਦੀਆਂ ਹਨ ਅਤੇ ਸਮੁੱਚਾ ਅਕਾਦਮਿਕ ਭਾਈਚਾਰਾ ਉਨ੍ਹਾਂ ਉਪਰ ਨਾਜ਼ ਕਰਦਾ ਹੋਵੇ, ਉਸ ਨੂੰ ਹੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਜਾਵੇ। ਇਸ ਕਮਿਸ਼ਨ ਨੇ ਤਾਂ ਇਥੋਂ ਤਕ ਕਿਹਾ ਕਿ ਜਿਸ ਤਰ੍ਹਾਂ ਇੰਗਲੈਂਡ, ਅਮਰੀਕਾ ਅਤੇ ਜਰਮਨੀ ਵਿੱਚ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਦੀ ਚੋਣ ਕੀਤੀ ਜਾਂਦੀ ਹੈ, ਉਨ੍ਹਾਂ ਲਈ ਇਹ ਪੈਮਾਨਾ ਲਾਇਆ ਜਾਂਦਾ ਹੈ ਕਿ ਯੂਨੀਵਰਸਿਟੀ ਦੀ ਲੀਡਰਸ਼ਿਪ ਦੀ ਚੋਣ ਵਿੱਚ ਸਮੁੱਚੀ ਅਧਿਆਪਨ ਫੈਕਲਟੀ, ਸਾਬਕਾ ਤੇ ਮੌਜੂਦਾ ਵਿਦਿਆਰਥੀ ਅਤੇ ਸਮਾਜ ਦੇ ਖੋਜ ਕਾਰਜਾਂ ਵਿਚ ਲੱਗੇ ਹਿੱਸਿਆਂ ਦੀ ਸਾਂਝੀ ਸਹਿਮਤੀ ਤੇ ਰਾਇ ਦੇ ਆਧਾਰ 'ਤੇ ਹੀ ਵਾਈਸ ਚਾਂਸਲਰ ਨਿਯੁਕਤ ਕੀਤਾ ਜਾਵੇ। ਇਨ੍ਹਾਂ ਕਮਿਸ਼ਨਾਂ ਅਤੇ ਰਿਪੋਰਟਾਂ ਨੂੰ ਦਰਕਿਨਾਰ ਕਰਦਿਆਂ ਹੁਣ ਕੌਮੀ ਸਿੱਖਿਆ ਨੀਤੀ-2020 ਨੂੰ ਉਚੇਰੀ ਸਿੱਖਿਆ ਵਿਚ ਲਾਗੂ ਕਰਨ ਹਿਤ ਯੂਜੀਸੀ ਨੇ ਅਧਿਆਪਕਾਂ ਦੀ ਨਿਯੁਕਤੀ ਤੋਂ ਲੈ ਕੇ ਤਰੱਕੀ ਤੱਕ, ਇਸ ਤੋਂ ਵੀ ਅਗਾਂਹ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਕਿਹੜੇ-ਕਿਹੜੇ ਨਿਯਮ ਅਤੇ ਪੈਮਾਨੇ ਬਣਾਏ ਜਾਣ, ਸਬੰਧੀ ਨਵਾਂ ਡਰਾਫਟ ਰੈਗੂਲੇਸ਼ਨ-2025 ਜਾਰੀ ਕਰ ਦਿੱਤਾ ਹੈ। ਇਸ ਵਿਚ ਦਰਜ ਹੈ ਕਿ ਹੁਣ ਵਾਈਸ ਚਾਂਸਲਰਾਂ ਦੀ ਨਿਯੁਕਤੀ ਲਈ ਗਵਰਨਰ ਦੀ ਅਹਿਮ ਭੂਮਿਕਾ ਹੋਵੇਗੀ। ਉਹ ਚੋਣ ਲਈ ਆਪਣਾ ਇੱਕ ਨੁਮਾਇੰਦਾ ਨਿਰਧਾਰਤ ਕਰੇਗਾ ਜਿਸ ਦੀ ਪਹਿਲਾਂ ਕਿਸੇ ਵੀ ਕਮੇਟੀ ਅਤੇ ਕਮਿਸ਼ਨ ਨੇ ਵਿਵਸਥਾ ਨਹੀਂ ਸੀ ਕੀਤੀ। ਪਹਿਲਾਂ ਬਣੇ ਕਮਿਸ਼ਨਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਜੇ ਗਵਰਨਰ ਨੂੰ ਤਾਕਤਵਰ ਕਰ ਦਿੱਤਾ ਜਾਂਦਾ ਹੈ ਤਾਂ ਉਹ ਕੇਂਦਰ ਦੀ ਹੀ ਬੋਲੀ ਸਮਝੇਗਾ ਤੇ ਬੋਲੇਗਾ। ਇਸ ਨਾਲ ਰਾਜਾਂ ਦੀਆਂ ਯੂਨੀਵਰਸਿਟੀਆਂ ਦੀ ਖੁਦਮੁਖ਼ਤਾਰੀ ਤਹਿਸ ਨਹਿਸ ਹੋ ਜਾਵੇਗੀ ਪਰ ਇਸ ਡਰਾਫਟ ਨੇ ਤਾਂ ਹੋਰ ਅਗਾਂਹ ਇਹ ਵਿਵਸਥਾ ਵੀ ਕਰ ਦਿੱਤੀ ਹੈ ਕਿ ਉਚੇਰੀ ਸਿੱਖਿਆ ਲਈ ਬਣਨ ਵਾਲੀ ਨਵੀਂ ਗਵਰਨਿੰਗ ਕੌਂਸਲ ਜਾਂ ਹੁਣ ਤੱਕ ਚੱਲ ਰਿਹਾ ਯੂਨੀਵਰਸਿਟੀ ਗਰਾਂਟ ਕਮਿਸ਼ਨ ਵੀ ਇਕ ਨੁਮਾਇੰਦਾ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਕਮੇਟੀ ਵਿੱਚ ਭੇਜੇਗਾ; ਤੀਜਾ ਨੁਮਾਇੰਦਾ ਰਾਜ ਸਰਕਾਰ ਦੀ ਇੱਛਾ ਅਨੁਸਾਰ ਹੋਵੇਗਾ। ਇਹ ਤਿੰਨੇ ਧਿਰਾਂ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਸਾਰਾ ਕਾਰ-ਵਿਹਾਰ ਕਰਨਗੀਆਂ। ਤੱਤ ਰੂਪ ਵਿਚ ਰਾਜ ਸਰਕਾਰ ਦੀ ਭੂਮਿਕਾ ਨਾ-ਮਾਤਰ ਕਰ ਦਿਤੀ ਗਈ ਹੈ ਬਲਕਿ ਸਿੱਧੇ ਰੂਪ ਵਿਚ ਕੇਂਦਰ ਰਾਹੀਂ ਹੀ ਵਾਈਸ ਚਾਂਸਲਰ ਨਿਯੁਕਤ ਹੋਵੇਗਾ। ਸਾਬਕਾ ਕੇਂਦਰੀ ਵਿੱਤ ਮੰਤਰੀ ਪੀ ਚਿਤੰਬਰਮ ਨੇ ਇਸ ਬਾਰੇ ਕਿਹਾ ਹੈ, ਇਕ ਤਰ੍ਹਾਂ ਨਾਲ 'ਵਾਇਸਰਾਏ' ਦੇ ਰੂਪ ਵਿੱਚ ਹੀ ਵਾਈਸ ਚਾਂਸਲਰ ਨਿਯੁਕਤ ਹੋਵੇਗਾ। ਇਸ ਨਿਯੁਕਤੀ ਵਿਚ ਉਸ ਦੇ ਖੋਜ ਅਤੇ ਅਧਿਆਪਨ ਖੇਤਰ ਨੂੰ ਛੱਡ ਕੇ ਕਿਸੇ ਵੀ ਹੋਰ ਖੇਤਰ ਜੋ ਕਾਰਪੋਰੇਟ ਘਰਾਣਿਆਂ ਜਾਂ ਉਸ ਕਿਸਮ ਦੀ ਸੋਚ ਦੀ ਪ੍ਰਤੀਨਿਧਤਾ ਕਰਦਾ ਹੋਵੇ, ਵਾਈਸ ਚਾਂਸਲਰ ਨਿਯੁਕਤ ਹੋ ਸਕਦਾ ਹੈ। ਇਸ ਕਿਸਮ ਦੀ ਵਕਾਲਤ ਦੁਨੀਆ ਦੇ ਉਚੇਰੀ ਸਿੱਖਿਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ ਕਿ ਅਕਾਦਮਿਕ ਖੇਤਰ ਵਿਚਲੀ ਅਸਲ ਸ਼ਕਤੀ ਜੋ ਉਸ ਦੇ ਖੋਜ ਅਤੇ ਅਧਿਆਪਨ ਅਮਲੇ ਵਿੱਚ ਹੁੰਦੀ ਹੈ, ਉਨ੍ਹਾਂ ਨੂੰ ਪਰ੍ਹੇ ਕਰ ਕੇ ਉਨ੍ਹਾਂ ਉਪਰ ਇਸ ਕਿਸਮ ਦੀ ਲੀਡਰਸ਼ਿਪ ਸਥਾਪਿਤ ਕਰ ਦਿਤੀ ਜਾਵੇਗੀ ਜਿਹੜੀ ਯੂਨੀਵਰਸਿਟੀ ਦੇ ਅਸਲ ਅਰਥਾਂ ਨੂੰ ਹੀ ਤਬਦੀਲ ਕਰ ਦੇਵੇਗੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਚੇਰੀ ਸਿੱਖਿਆ ਬਾਰੇ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਸੀ ਕਿ ਯੂਨੀਵਰਸਿਟੀ ਅਜਿਹੇ ਗਿਆਨ ਦੇ ਕੇਂਦਰ ਹੋਣਗੇ ਜਿਥੋਂ ਬੌਧਿਕ ਪੱਧਰ ਦੇ ਵਾਦ-ਵਿਵਾਦ ਰਾਹੀਂ ਨਵੀਂ ਲੀਡਰਸ਼ਿਪ ਵਿਗਿਆਨ, ਸਾਹਿਤ, ਰਾਜਨੀਤੀ ਅਤੇ ਸਭਿਆਚਾਰ ਦੇ ਖੇਤਰ ਪੈਦਾ ਹੋਵੇਗੀ। ਕੌਮੀ ਸਿੱਖਿਆ ਨੀਤੀ-2020 ਦੇ ਨਵੇਂ ਆਏ ਡਰਾਫਟ ਨੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਕਰਨ ਦੇ ਸਵਾਲ 'ਤੇ ਅਤੀਤ ਨਾਲੋਂ ਪੂਰੀ ਤਰਾਂ ਤੋੜ-ਵਿਛੋੜਾ ਕਰ ਲਿਆ ਹੈ। ਇਹ ਨੀਤੀ ਜਾਰੀ ਕਰਦੇ ਸਮੇਂ ਰਾਜ ਸਰਕਾਰਾਂ ਨੂੰ ਪੁੱਛਿਆ ਤੱਕ ਨਹੀਂ ਗਿਆ। ਕੇਂਦਰੀ ਹਕੂਮਤ ਨੇ ਹਕੀਕਤ ਵਿਚ ਫੈਡਰਲਿਜ਼ਮ ਦਾ ਸਵਾਲ ਹੀ ਉਡਾ ਦਿੱਤਾ ਹੈ। ਕੁਝ ਰਾਜ ਸਰਕਾਰਾਂ ਜਿਨ੍ਹਾਂ ਵਿਚ ਤਾਮਿਲਨਾਡੂ, ਕੇਰਲਾ ਤੇ ਪੱਛਮੀ ਬੰਗਾਲ ਸ਼ਾਮਿਲ ਹਨ, ਵਾਈਸ ਚਾਂਸਲਰਾਂ ਦੀ ਨਿਯੁਕਤੀ ਦੇ ਸਵਾਲ 'ਤੇ ਲਗਾਤਾਰ ਦਸਤਪੰਜਾ ਲੈ ਰਹੀਆਂ ਹਨ ਪਰ ਪੰਜਾਬ ਸਰਕਾਰ ਇਸ ਮਸਲੇ 'ਤੇ ਘੋਸਲ ਮਾਰੀ ਬੈਠੀ ਹੈ। ਇਸ ਤੋਂ ਵੀ ਮਾੜੀ ਗੱਲ, ਕਈ ਮਹੀਨਿਆਂ ਤੋਂ ਵਾਈਸ ਚਾਂਸਲਰਾਂ ਤੋਂ ਬਿਨਾਂ ਚੱਲ ਰਹੀਆਂ ਯੂਨੀਵਰਸਿਟੀਆਂ ਦਾ ਅਧਿਆਪਨ ਅਮਲਾ ਵੀ ਹਰਕਤਹੀਣ ਹੋਇਆ ਪਿਆ ਹੈ। ਦਹਾਕਿਆਂ ਤੋਂ ਰਾਜਾਂ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਰਾਜ ਸਰਕਾਰਾਂ ਆਪਣੀ ਲੋੜ ਅਤੇ ਇੱਛਾ ਅਨੁਸਾਰ ਕਰਦੀਆਂ ਰਹੀਆਂ ਹਨ। ਮਸਲਾ ਤਾਂ ਇਹ ਹੈ ਕਿ ਅਕਾਦਮਿਕ ਖੇਤਰ ਪਹਿਲਾਂ ਹੀ ਬੁਰੀ ਤਰ੍ਹਾਂ ਸੰਕਟ ਵਿੱਚ ਘਿਰਿਆ ਹੈ। ਅਕਾਦਮਿਕ ਆਜ਼ਾਦੀ ਦੇ ਸਵਾਲ 'ਤੇ ਆਜ਼ਾਦ ਸੋਚਣੀ ਵਾਲੇ ਸਾਬਕਾ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਨੂੰ ਰਾਜਨੀਤਕ ਦਾਦਾਗਿਰੀ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ 1984 ਵਿਚ 265 ਪੰਨਿਆਂ ਦੀ ਮੁੱਲਵਾਨ ਪੁਸਤਕ ਲਿਖੀ ਜਿਸ ਵਿੱਚ ਜਿ ?ਕਰ ਕੀਤਾ ਕਿ ਵਾਈਸ ਚਾਂਸਲਰ ਹੁੰਦਿਆਂ ਉਨ੍ਹਾਂ ਨੂੰ ਇਸ ਮਸਲੇ 'ਤੇ ਕਿਵੇਂ ਕਾਰਜ ਕਰਨਾ ਪਿਆ ਸੀ। ਉਦੋਂ ਉਨ੍ਹਾਂ ਨੂੰ ਆਪਣਾ ਕਾਰਜਕਾਲ ਵਿਚਾਲੇ ਛੱਡ ਕੇ ਜਾਣਾ ਪਿਆ। ਉਦੋਂ ਉਨ੍ਹਾਂ ਸੰਕਟਗ੍ਰਸਤ ਹੋ ਚੁੱਕੀਆਂ ਅਤੇ ਹੋ ਰਹੀਆਂ ਯੂਨੀਵਰਸਿਟੀਆਂ ਬਾਰੇ ਸਪਸ਼ਟ ਵਿਚਾਰ ਪ੍ਰਗਟਾਏ ਸਨ ਕਿ ਹੁਣ ਜਿਹੜਾ ਵੀ ਵਾਈਸ ਚਾਂਸਲਰ ਬਣਨਾ ਚਾਹੁੰਦਾ ਹੈ, ਉਹ ਸੋਚ ਵਿਚਾਰ ਕੇ ਹੀ ਇਸ ਖੇਤਰ ਵਿਚ ਆਵੇ। ਉਨ੍ਹਾਂ ਲਿਖਿਆ ਕਿ ਉਹ ਯੂਨੀਵਰਸਿਟੀ ਨੂੰ ਨਵੀਂ ਦਿਸ਼ਾ ਦੇਣਾ ਚਾਹੁੰਦੇ ਸਨ, ਉਨ੍ਹਾਂ ਕਈ ਦਹਾਕੇ ਦੁਨੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਲਈ ਲਿਖਿਆ ਅਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਜੋ ਕਾਇਦੇ-ਕਾਨੂੰਨ ਬਣਦੇ ਸਨ, ਉਸ ਵਿਚ ਵੀ ਉਹ ਭਾਈਵਾਲ ਰਹੇ ਪਰ ਜਦੋਂ ਉਹ ਵਾਈਸ ਚਾਂਸਲਰ ਬਣੇ, ਆਪਣੀ ਸੋਚ ਮਤਾਬਿਕ ਕੰਮ ਹੀ ਨਾ ਕਰ ਸਕੇ। ਇਸ ਨੂੰ ਉਨ੍ਹਾਂ ਉਚੇਰੀ ਸਿੱਖਿਆ ਸੰਕਟ ਕਿਹਾ ਸੀ। ਇਸ ਮਾਮਲੇ ਵਿੱਚ ਹੁਣ ਦੇ ਹਾਲਾਤ ਬਦ ਤੋਂ ਬਦਤਰ ਹੀ ਹੋਏ ਹਨ। ਸੰਕਟ ਵਾਲੇ ਇਸ ਦੌਰ ਵਿਚ ਰਾਜਾਂ ਦੀਆਂ ਯੂਨੀਵਰਸਿਟੀਆਂ ਵਿਚ ਵਾਈਸ ਚਾਂਸਲਰ ਲੱਗਣ ਅਤੇ ਲਗਾਉਣ ਦੀ ਦੌੜ ਸਿਆਸੀ ਆਕਾਵਾਂ ਤੱਕ ਸੀਮਤ ਹੋ ਗਈ ਹੈ। ਪਹਿਲਾਂ ਇਹ ਫੈਸਲੇ ਚੰਡੀਗੜ੍ਹ ਬੈਠੇ ਸਿਆਸੀ ਆਕਾ ਕਰਦੇ ਸਨ, ਹੁਣ ਇਹ ਫੈਸਲੇ ਦਿੱਲੀ ਦਰਬਾਰ ਵਿੱਚੋਂ ਹੋਣਗੇ ਹਾਲਾਂਕਿ ਕੁਠਾਰੀ ਕਮਿਸ਼ਨ ਵਿਚ ਸਪਸ਼ਟ ਦਰਜ ਕੀਤਾ ਗਿਆ ਸੀ ਕਿ ਕੋਈ ਵੀ ਅਤੇ ਕਿਸੇ ਵੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਦਿੱਲੀ ਦੇ ਹਿਸਾਬ ਨਾਲ ਨਹੀਂ ਲੱਗਣਾ ਚਾਹੀਦਾ। ਇਸ ਨੂੰ ਰੋਕਣ ਵਾਸਤੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਲਈ ਨੈਤਿਕ ਕੋਡ ਆਫ ਕੰਡਕਟ ਤੈਅ ਕੀਤੇ ਗਏ ਸਨ ਜਿਹੜੇ ਉਸ ਵੇਲੇ ਦੇ ਨਾਮਵਰ ਸਿੱਖਿਆ ਸ਼ਾਸਤਰੀਆਂ ਅਤੇ ਵਿਗਿਆਨੀਆਂ ਨੇ ਬਣਾਏ ਸਨ। ਇਨ੍ਹਾਂ ਦਾ ਖਰੜਾ (ਮੌਰਲ ਕੋਡ ਆਫ ਕੰਡਕਟ) ਦੁਨੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਦੇ ਆਧਾਰ 'ਤੇ ਬਣਾਇਆ ਗਿਆ ਸੀ ਜਿਨ੍ਹਾਂ ਨੇ 'ਆਈਡੀਆ ਆਫ ਯੂਨੀਵਰਸਿਟੀ' ਦਿੱਤਾ ਸੀ ਕਿ ਯੂਨੀਵਰਸਿਟੀਆਂ ਅਜਿਹੇ ਸਥਾਨ ਹੋਣੇ ਚਾਹੀਦੇ ਹਨ ਜਿਥੇ ਬਹੁ-ਪੱਖੀ ਅਤੇ ਬਹੁ-ਪਰਤੀ ਗਿਆਨ ਦਾ ਵਿਕਾਸ ਤੇ ਸੰਚਾਰ ਹੋ ਸਕੇ। ਅੱਜ ਹਕੀਕਤ ਹੋਰ ਹੈ। ਕੌਮੀ ਸਿੱਖਿਆ ਨੀਤੀ-2020 ਦੇ ਚੇਅਰਮੈਨ ਕਸਤੂਰੀ ਰੰਜਨ ਨੇ ਹਾਲਾਂਕਿ ਸਪਸ਼ਟ ਕਿਹਾ ਸੀ ਕਿ ਹੁਣ ਵਾਲੀ ਸਿੱਖਿਆ ਨੀਤੀ ਵਿਚ ਪਹਿਲਾਂ ਵਾਲਾ ਕੁਝ ਵੀ ਨਹੀਂ ਹੋਵੇਗਾ ਬਲਕਿ 'ਕ੍ਰਾਂਤੀਕਾਰੀ' ਤਬਦੀਲੀ ਹੋਵੇਗੀ ਪਰ ਹੁਣ ਜਿਹੜਾ ਡਰਾਫਟ-2025 ਆਇਆ ਹੈ, ਇਹ ਹਕੀਕਤ ਵਿਚ ਅਜਿਹੀ 'ਕ੍ਰਾਂਤੀ' ਹੈ ਜੋ ਵੱਖ-ਵੱਖ ਸਭਿਆਚਾਰਾਂ, ਭਾਸ਼ਾਵਾਂ, ਗਿਆਨ ਦੀਆਂ ਵਿਧਾਵਾਂ ਨੂੰ ਤਹਿਸ-ਨਹਿਸ ਕਰ ਕੇ ਕੇਂਦਰੀ ਸੱਤਾ ਅਨੁਸਾਰ ਢਾਲ ਦੇਵੇਗੀ। ਇਉਂ ਬਹੁ-ਭਾਸ਼ਾਈ ਅਤੇ ਬਹੁ-ਕੌਮੀ ਭਾਰਤ ਆਪਣੀਆਂ ਅਮੀਰ ਪਰੰਪਰਾਵਾਂ, ਭਾਸ਼ਾਵਾਂ ਤੇ ਗਿਆਨ ਸੰਚਾਰ ਦੀਆਂ ਵਿਧੀਆਂ ਗੁਆ ਬੈਠੇਗਾ। ਪਹਿਲਾਂ ਬਣੇ ਕਮਿਸ਼ਨਾਂ ਨੇ ਗਵਰਨਰ ਨੂੰ ਸਿਰਫ ਵਿਜ਼ਟਰ ਦਾ ਅਹੁਦਾ ਦੇ ਕੇ ਇਜ਼ਤ ਮਾਣ ਦੇ ਤੌਰ 'ਤੇ ਚਾਂਸਲਰ ਕਿਹਾ ਸੀ।

ਕੈਮਿਸਟ ਐਸੋਸੀਏਸ਼ਨ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ

ਸੁਨਾਮ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਆਰਗੇਨਾਈਜ਼ੇਸ਼ਨ ਆਫ ਕੈਮਿਸਟ ਐਂਡ ਡਰੱਗਿਸਟਸ (ਏਆਈਓਸੀਡੀ) ਨੇ ਸ਼ੁੱਕਰਵਾਰ ਨੂੰ ਸੰਗਠਨ ਦੇ 50 ਸ਼ਾਨਦਾਰ ਸਾਲ ਪੂਰੇ ਹੋਣ ਦੀ ਯਾਦ ਵਿੱਚ ਇੱਕ ਇਤਿਹਾਸਕ ਦੇਸ਼ ਵਿਆਪੀ ਖ਼ੂਨਦਾਨ ਮੁਹਿੰਮ ਦਾ ਆਯੋਜਨ ਕੀਤਾ। ਇਸ ਮੁਹਿੰਮ ਦਾ ਉਦੇਸ਼ ਇੱਕ ਦਿਨ ਵਿੱਚ ਵੱਧ ਤੋਂ ਵੱਧ ਖ਼ੂਨਦਾਨ ਅਤੇ ਖ਼ੂਨਦਾਨ ਦਾ ਪ੍ਰਣ ਲੈ ਕੇ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਜਗ੍ਹਾ ਬਣਾਉਣਾ ਸੀ। ਜ਼ਿਲ੍ਹਾ ਸੰਗਰੂਰ ਐਸੋਸੀਏਸ਼ਨ ਵੱਲੋਂ ਸੁਨਾਮ ਦੇ ਪੀਰ ਜੁਡਵਾ ਸ਼ਾਹ ਹਾਲ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 85 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਅਤੇ ਜਨਰਲ ਸਕੱਤਰ ਰਾਜੀਵ ਜੈਨ ਨੇ ਦੱਸਿਆ ਕਿ ਇਹ ਨਿਵੇਕਲੀ ਪਹਿਲਕਦਮੀ ਏ.ਆਈ.ਓ.ਸੀ.ਡੀ. ਦੇ ਗੋਲਡਨ ਜੁਬਲੀ ਵਰ੍ਹੇ ਅਤੇ ਸੰਸਥਾ ਦੇ ਪ੍ਰਧਾਨ ਜੇ.ਐਸ. ਸ਼ਿੰਦੇ ਦੇ 75ਵੇਂ ਜਨਮ ਦਿਨ ਦੇ ਸ਼ੁਭ ਮੌਕੇ 'ਤੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਨਵਜੋਤ ਕੌਰ ਜ਼ੋਨਲ ਲਾਇਸੈਂਸਿੰਗ ਅਥਾਰਟੀ ਸੰਗਰੂਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਪ੍ਰਨੀਤ ਕੌਰ ਡੀ.ਸੀ.ਓ., ਡਾ: ਸੰਤੋਸ਼ ਜਿੰਦਲ ਡੀ.ਸੀ.ਓ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ । ਵਿੱਚ ਸ਼ਾਮਲ ਹੋਏ। ਇਸ ਮੌਕੇ ਬੁਲਾਰਿਆਂ ਨੇ ਐਸੋਸੀਏਸ਼ਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖ਼ੂਨਦਾਨ ਨਾ ਸਿਰਫ਼ ਇੱਕ ਪਰਉਪਕਾਰੀ ਕਾਰਜ ਹੈ, ਸਗੋਂ ਇਹ ਮਨੁੱਖਤਾ ਲਈ ਵੀ ਵਡਮੁੱਲਾ ਯੋਗਦਾਨ ਹੈ ਐਸੋਸੀਏਸ਼ਨ ਦੇ ਰਾਕੇਸ਼ ਕੁਮਾਰ, ਵਿਨੋਦ ਕੁਮਾਰ, ਦਵਿੰਦਰ ਵਸ਼ਿਸ਼ਟ, ਗੋਗੀ ਚੀਮਾ, ਪਰਮਿੰਦਰ ਸਿੰਘ, ਅਨਿਲ ਕੁਮਾਰ, ਮਨੀਸ਼ ਕੁਮਾਰ, ਗੁਰਚਰਨ ਸਿੰਘ, ਅਸ਼ੋਕ, ਗੁਰਸੇਵਕ ਸਿੰਘ, ਰਾਮ ਲਾਲ, ਕੌਰ ਸਿੰਘ, ਸਤੀਸ਼ ਸਿੰਗਲਾ, ਸਤਿੰਦਰ ਕੁਮਾਰ, ਫਕੀਰ ਚੰਦ, ਪਰਵੀਨ ਕੁਮਾਰ, ਪ੍ਰੇਮ ਚੰਦ, ਰਾਮੀ ਢਾਂਗ, ਅਜੈਬ ਸਿੰਘ, ਵਿਨੋਦ ਕੁਮਾਰ, ਯੋਗੇਸ਼ ਚੋਪੜਾ, ਦੀਪਕ ਮਿੱਤਲ, ਤਰਲੋਕ ਗੋਇਲ, ਰਵਿੰਦਰ ਕੁਮਾਰ, ਸਤੀਸ਼ ਕੁਮਾਰ, ਸ਼ਸ਼ੀ ਗੋਇਲ, ਨਰਸੀ, ਗੋਰਾ, ਦੀਪਕ, ਸ਼ਾਂਤੀ, ਮੋਹਿਤ, ਰਾਕੇਸ਼, ਅਸ਼ਵਨੀ, ਡੀ ਪੀ.ਸਿੰਘ ਅਜੈਬ ਸਿੰਘ ਮਲਕੀਤ ਥਿੰਦ ਤਰਲੋਕ ਕੁਮਾਰ ਪਰਮੋਦ ਨੀਟੂ ਪੁਸ਼ਵਿੰਦਰ ਸਿੰਘ ਗੁਰਮੀਤ ਸਿੰਘ ਰਾਮ ਸਿੰਘ ਸਿੱਕੀ ਖੰਨਾ ਦੀਪਕ ਮਿੱਤਲ ਯੋਸ਼ ਵਿਨੋਦ ਕੁਮਾਰ ਅਨਿਲ ਕਾਲੜਾ ਅਸ਼ੋਕ ਕਾਲੜਾ, ਗੁਰਚਰਨ ਸਿੰਘ, ਬਾਰੂ ਰਾਮ, ਰਾਜਵੀਰ ਸਿੰਘ, ਭੂਸ਼ਨ ਕਾਂਸਲ, ਕੌਰ ਸਿੰਘ ਢੀਂਡਸਾ ਆਦਿ ਹਾਜ਼ਰ ਸਨ।

'ਵਰਸਿਟੀ ਕਾਲਜ ਵਿਖੇ 15ਵੇਂ ਰਾਸ਼ਟਰੀ ਵੋਟਰ ਦਿਵਸ ਮੌਕੇ ਵਾਦ-ਵਿਵਾਦ ਮੁਕਾਬਲੇ ਕਰਵਾਏ

ਧੂਰੀ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਦੀ ਅਗਵਾਈ ਵਿੱਚ ਸਵੀਪ ਟੀਮ ਅਤੇ ਐੱਨ.ਐੱਸ.ਐੱਸ. ਯੂਨਿਟਾਂ ਵੱਲੋਂ ਸਾਂਝੇ ਤੌਰ 'ਤੇ ਮੁੱਖ ਚੋਣ ਅਫ਼ਸ

ਅਜੋਕਾ ਯੁੱਗ

ਅਜੋਕਾ ਯੁੱਗ ਉਦਾਸ ਅਤੇ ਮਾਯੂਸ ਹੋਣ ਦਾ ਯੁੱਗ ਨਹੀਂ। ਚੰਗਾ ਬਣਨ ਦੀਆਂ, ਮਾਨਵ ਜਾਤੀ ਦੀ ਸੇਵਾ ਕਰਨ ਦੀਆਂ, ਜਿਤਨੀਆਂ ਸੰਭਾਵਨਾਵਾਂ ਅਜੋਕੇ ਯੁੱਗ ਵਿਚ ਹਨ, ਉਤਨੀਆਂ ਪਹਿਲੇ ਕਿਸੇ ਯੁੱਗ ਵਿਚ ਪ੍ਰਾਪਤ ਨਹੀਂ ਸਨ। ਨਿਰਸੰਦੇਹ ਮਨੁੱਖ ਵਿਚ ਜਿਤਨੀ ਗਿਰਾਵਟ ਅਜੋਕੇ ਯੁੱਗ ਵਿਚ ਦਿਖਾਈ ਦੇ ਰਹੀ ਹੈ, ਉਤਨੀ ਪਹਿਲਾਂ ਕਿਸੇ ਯੁੱਗ ਵਿਚ ਨਹੀਂ ਵੇਖੀ ਗਈ ਪਰ ਵੇਖਣਾ ਤਾਂ ਇਹ ਹੈ ਕਿ ਤੁਸੀਂ ਪਹਾੜ ਨੂੰ ਚੜ੍ਹਨ ਦੀ ਦ੍ਰਿਸ਼ਟੀ ਨਾਲ ਵੇਖਦੇ ਹੋ ਕਿ ਡਿੱਗਣ ਦੇ ਡਰ ਨਾਲ , ਤੁਸੀਂ ਸਮੁੰਦਰ ਨੂੰ ਤੈਰਨ ਦੀ ਸੰਭਾਵਨਾ ਨਾਲ ਵੇਖਦੇ ਹੋ ਜਾਂ ਡੱਬ ਜਾਣ ਦੀ ਚਿੰਤਾ ਨਾਲ, ਤੁਸੀਂ ਇਮਤਿਹਾਨ ਵਿਚ ਪਾਸ ਹੋਣ ਦੀ ਆਸ ਨਾਲ ਬੈਠਦੇ ਹੋ ਜਾਂ ਫੇਲ ਹੋਣ ਦੇ ਸੰਸੇ ਨਾਲ । ਤੁਹਾਡੇ ਵਿਚ ਉਤਸ਼ਾਹ ਅਤੇ ਹੌਸਲਾ ਤੁਹਾਡੇ ਯਤਨਾਂ ਨਾਲ ਹੀ ਜਾਗੇਗਾ। ਖ਼ੁਸ਼ਹਾਲੀ ਵਾਂਗ ਉਤਸ਼ਾਹ ਵੀ ਮਨ ਦੀ ਇਕ ਅਵਸਥਾ ਹੁੰਦੀ ਹੈ। ਕੋਈ ਵੀ ਸਮੱਸਿਆ ਉਸਾਰੂ ਸੋਚ ਸਾਹਮਣੇ , ਲੰਮੇ ਅਰਸੇ ਤਕ ਨਹੀਂ ਟਿਕ ਸਕਦੀ। ਸਭ ਤੋਂ ਵੱਡੀ ਲੋੜ ਆਪਣੀ ਸੋਚ ਨੂੰ, ਆਪਣੇ ਦ੍ਰਿਸ਼ਟੀਕੋਣ ਨੂੰ, ਆਪਣੇ ਆਪ ਬਾਰੇ ਆਪਣੀ ਰਾਇ ਨੂੰ, ਬਦਲਣ ਦੀ ਹੁੰਦੀ ਹੈ। ਦੁਨੀਆ ਉਸਾਰੂ ਸੋਚ ਲਈ ਤੜਪ ਰਹੀ ਹੈ। ਜਿਹੋ-ਜਿਹੀਆਂ ਮਨੁੱਖ ਦੀਆਂ ਸੋਚਾਂ ਹੁੰਦੀਆਂ ਹਨ, ਜਿਹੋ ਜਿਹੇ ਉਨ੍ਹਾਂ ਦੇ ਯਤਨ ਹੁੰਦੇ ਹਨ, ਉਹੋ-ਜਿਹੇ ਮਨੁੱਖ ਹੋ ਨਿਬੜਦੇ ਹਨ।

• ਨਰਿੰਦਰ ਸਿੰਘ ਕਪੂਰ

ਮਨਫ਼ੀ ਹੋ ਰਿਹਾ ਰਿਸ਼ਤਿਆਂ ਵਿਚਲਾ ਨਿੱਘ

ਡਾ. ਵਰਿੰਦਰਜੀਤ ਕੌਰ
98722-54081

ਕੋਈ ਵੇਲਾ ਹੁੰਦਾ ਸੀ, ਜਦੋਂ ਆਪਣਿਆਂ ਅਤੇ ਪਰਾਇਆਂ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ ਸੀ। ਲੋਕ ਪੜ੍ਹੇ-ਲਿਖੇ ਘੱਟ ਪਰ ਨੇਕ ਹੁੰਦੇ ਸਨ। ਮਨੁੱਖੀ ਕਦਰਾਂ-ਕੀਮਤਾਂ ਦੀ ਉਨ੍ਹਾਂ ਨੂੰ ਜਾਚ ਸੀ। ਉਨ੍ਹਾਂ ਵੇਲਿਆਂ 'ਚ ਕੋਈ ਹੇਰ-ਫੇਰ ਨਹੀਂ ਸੀ ਅਤੇ ਮਨੁੱਖ ਦੂਜਿਆਂ ਦੇ ਨੇੜੇ ਹੋਣਾ ਆਪਣਾ ਹੱਕ ਸਮਝਦਾ ਸੀ। ਕਿਸੇ ਦੇ ਵੀ ਬੂਹੇ 'ਤੇ ਵੇਲੇ-ਕੁਵੇਲੇ ਦਸਤਕ ਦੇਣ ਲੱਗਿਆਂ ਸੋਚਣਾ ਨਹੀਂ ਸੀ ਪੈਂਦਾ। ਲੋਕ ਰੱਬ ਉੱਪਰ ਭਰੋਸਾ ਕਰਦੇ ਸਨ, ਪੈਸੇ ਦੀ ਬਜਾਏ ਰਿਸ਼ਤੇ ਕਮਾਉਣ ਵਿਚ ਯਕੀਨ ਰੱਖਦੇ ਸਨ। ਇਸੇ ਕਾਰਨ ਉਨ੍ਹਾਂ ਵੇਲਿਆਂ 'ਚ ਪਰਿਵਾਰਾਂ ਵਿਚ ਬਰਕਤਾਂ ਹੁੰਦੀਆਂ ਸਨ।

ਪਰ ਅਜੋਕੇ ਯੁੱਗ ਵਿਚ ਸਾਡੇ ਰਿਸ਼ਤਿਆਂ ਦੀ ਨੁਹਾਰ ਬਦਲ ਗਈ ਹੈ। ਅੱਜ ਰਿਸ਼ਤੇ ਹੰਡਣਸਾਰ ਨਹੀਂ ਰਹੇ, ਕਿਉਂਕਿ ਰਿਸ਼ਤੇ ਹੰਢਾਉਣ ਦਾ ਸਾਡੇ ਕੋਲ ਸਮਾਂ ਨਹੀਂ ਰਿਹਾ। ਸਾਦੇ ਅਤੇ ਸਧਾਰਨ ਲੋਕਾਂ ਦੀ ਸਾਡੀ ਜ਼ਿੰਦਗੀ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਰਹੀ। ਰਿਸ਼ਤਿਆਂ 'ਚੋਂ ਪਿਆਰ ਅਤੇ ਸਤਿਕਾਰ ਦੀ ਜਗ੍ਹਾ ਸ਼ਿਕਵੇ, ਸ਼ਿਕਾਇਤਾਂ ਤੇ ਨਫ਼ਰਤ ਲੈ ਰਹੇ ਹਨ। ਸਾਡੀ ਸੋਚ ਛੋਟੀ ਹੋ ਗਈ ਹੈ ਅਤੇ ਇਸ ਛੋਟੀ ਸੋਚ ਕਰਕੇ ਹੀ ਵੱਡੇ-ਵੱਡੇ ਰਿਸ਼ਤੇ ਕਮਜ਼ੋਰ ਹੋ ਰਹੇ ਹਨ। ਮਨੁੱਖ ਰਿਸ਼ਤੇ ਕਮਾਉਣ ਦੀ ਬਜਾਏ ਪੈਸਾ ਕਮਾਉਣ ਵਿਚ ਲੱਗਿਆ ਹੋਇਆ ਹੈ। ਇਸ ਪੈਸੇ ਦੀ ਦੌੜ ਵਿਚ ਹਉਮੈ ਉਸ ਦੇ ਕਿਰਦਾਰ ਉੱਪਰ ਹਾਵੀ ਹੁੰਦੀ ਜਾ ਰਹੀ ਹੈ। ਵੱਡੇ-ਵੱਡੇ ਮਕਾਨਾਂ ਵਿਚ ਰਹਿਣ ਵਾਲੇ ਲੋਕਾਂ ਲਈ ਘਰਾਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਡਿਗਰੀਆਂ ਹਾਸਿਲ ਕਰ ਕੇ ਅਸੀਂ ਨੈਤਿਕ ਕਦਰਾਂ-ਕੀਮਤਾਂ ਭੁਲਦੇ ਜਾ ਰਹੇ ਹਾਂ। ਸੋਚਣ ਵਾਲੀ ਗੱਲ ਹੈ ਕਿ ਅੱਜ ਕਿੰਨੇ ਕੁ ਲੋਕ ਅਜਿਹੇ ਹਨ, ਜਿਨ੍ਹਾਂ ਨਾਲ ਅਸੀਂ ਬਿਨਾਂ ਸੰਕੋਚ ਗੱਲਬਾਤ ਕਰ ਸਕਦੇ ਹਾਂ, ਜਾਂ ਜਿਨ੍ਹਾਂ ਦੇ ਘਰਾਂ ਵਿਚ ਅਸੀਂ ਬਿਨਾਂ ਦੱਸਿਆ ਵੇਲੇ-ਕੁਵੇਲੇ ਜਾ ਸਕਦੇ ਹਾਂ। ਅੱਜ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਮਨੁੱਖ ਆਪਣੇ-ਆਪ ਨੂੰ ਖ਼ੁਸ਼ ਤੇ ਰੰਜਿਆ ਹੋਇਆ ਮਹਿਸੂਸ ਕਿਉਂ ਨਹੀਂ ਕਰ ਰਿਹਾ? ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਕਿਉਂ ਹੁੰਦੀਆਂ ਜਾ ਰਹੀਆਂ ਹਨ? ਅੱਜ ਦਾ ਮਨੁੱਖ ਰਿਸ਼ਤਿਆਂ ਦਾ ਨਿੱਘ ਕਿਉਂ ਨਹੀਂ ਮਾਣ ਰਿਹਾ?

ਰਿਸ਼ਤੇ ਮੂਲ ਰੂਪ ਵਿਚ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਹੜੇ ਸਾਨੂੰ ਪਰਮਾਤਮਾ ਵੱਲੋਂ ਵਰਦਾਨ ਦੇ ਰੂਪ 'ਚ ਮਿਲਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਅਸੀਂ ਚਾਹ ਕੇ ਵੀ ਬਦਲ ਨਹੀਂ ਸਕਦੇ। ਜਿਵੇਂ ਸਾਡਾ ਆਪਣੇ ਮਾਂ-ਬਾਪ, ਭੈਣ-ਭਰਾਵਾਂ ਅਤੇ ਬੱਚਿਆਂ ਨਾਲ ਰਿਸ਼ਤਾ। ਇਨ੍ਹਾਂ ਰਿਸ਼ਤਿਆਂ ਨੂੰ ਮਿਲਾ ਕੇ ਸਾਡਾ ਪਰਿਵਾਰ ਬਣਦਾ ਹੈ। ਪਰਿਵਾਰ, ਜੋ ਹਰ ਦੁੱਖ-ਸੁੱਖ ਵਿਚ ਸਾਡੇ ਨਾਲ ਰਹਿੰਦਾ ਹੈ ਅਤੇ ਜਿੱਥੇ ਅਸੀਂ ਸਮਝੌਤੇ ਕਰਨ ਅਤੇ ਦੂਜਿਆਂ ਦਾ ਧਿਆਨ ਰੱਖਣ ਦਾ ਪਹਿਲਾ ਤੇ ਪੱਕਾ ਸਬਕ ਸਿੱਖਦੇ ਹਾਂ। ਪਰਿਵਾਰ ਸਿਰਫ਼ ਇਕ ਮਹਿਸੂਸ ਕਰਨ ਵਾਲਾ ਸੰਕਲਪ ਹੈ। ਸੋ ਪਰਿਵਾਰਕ ਰਿਸ਼ਤਿਆਂ ਲਈ ਸਾਨੂੰ ਆਪਣੇ-ਆਪ ਨਾਲ ਜਾਂ ਰੱਬ ਨਾਲ ਕੋਈ ਗਿਲ਼ਾ-ਸ਼ਿਕਵਾ ਨਹੀਂ ਹੋਣਾ ਚਾਹੀਦਾ। ਜੇਕਰ ਅਸੀਂ ਅਜਿਹਾ ਕਰਦੇ ਹਾਂ ਤਾਂ ਅਸੀਂ ਕੁਦਰਤ ਦੇ ਉਲਟ ਹੋਣ ਦਾ ਸਬੂਤ ਦੇ ਰਹੇ ਹਾਂ। ਜਿੰਨਾ ਜ਼ਿਆਦਾ ਅਸੀਂ ਕੁਦਰਤ ਦੇ ਉਲਟ ਜਾਵਾਂਗੇ, ਉਨ੍ਹਾਂ ਹੀ ਅਸੀਂ ਪਰਮਾਤਮਾ ਤੋਂ ਦੂਰ ਹੁੰਦੇ ਜਾਵਾਂਗੇ। ਇਸ ਦੇ ਉਲਟ ਦੂਜੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਸਿਰਜਣਾ ਕਿਸੇ ਹੱਦ ਤਕ ਸਾਡੇ ਆਪਣੇ ਹੱਥ ਵਿਚ ਹੁੰਦਾ ਹੈ। ਜਿਵੇਂ ਦੋਸਤ ਬਣਾਉਣਾ ਅਤੇ ਆਪਣਾ ਜੀਵਨ ਸਾਥੀ ਚੁਣਨਾ ਸਾਡੇ ਆਪਣੇ ਉੱਪਰ ਨਿਰਭਰ ਕਰਦਾ ਹੈ। ਚੰਗੇ ਦੋਸਤ ਅਤੇ ਚੰਗਾ

ਜੀਵਨ ਸਾਥੀ ਸਾਡੀ ਜ਼ਿੰਦਗੀ 'ਚ ਰਸ ਘੋਲ ਦਿੰਦੇ ਹਨ। ਇਨ੍ਹਾਂ ਦੇ ਹੋਣ ਦਾ ਅਹਿਸਾਸ ਸਾਨੂੰ ਅੰਦਰੂਨੀ ਤਸੱਲੀਖ਼ਸ ਬਖ਼ਸ਼ਦਾ ਹੈ। ਦੋਵਾਂ ਤਰ੍ਹਾਂ ਦੇ ਰਿਸ਼ਤੇ ਪਿਆਰ, ਮੋਹ, ਸਹਿਜ ਅਤੇ ਸਹਿਯੋਗ ਨਾਲ ਬਣਦੇ ਹਨ। ਜਿੰਨੀ ਜ਼ਿਆਦਾ ਇਨ੍ਹਾਂ ਰਿਸ਼ਤਿਆਂ ਵਿਚ ਸਹਿਜਤਾ ਹੋਵੇਗੀ ਓਨੀ ਹੀ ਇਨ੍ਹਾਂ ਰਿਸ਼ਤਿਆਂ ਦੀ ਉਮਰ ਲੰਬੀ ਤੇ ਮਾਣਯੋਗ ਹੋਵੇਗੀ। ਸੋ ਲੋੜ ਹੈ ਕਿ ਇਨ੍ਹਾਂ ਰਿਸ਼ਤਿਆਂ ਨੂੰ ਬਣਦਾ ਪਿਆਰ ਤੇ ਸਤਿਕਾਰ ਦਿੱਤਾ ਜਾਵੇ ਅਤੇ ਆਪਣੇ ਵੱਲੋਂ ਪੂਰੀ ਇਮਾਨਦਾਰੀ ਨਾਲ ਨਿਭਾਇਆ ਜਾਵੇ।

ਇਹ ਜ਼ਿੰਦਗੀ ਸਾਨੂੰ ਪਰਮਾਤਮਾ ਵੱਲੋਂ ਦਿੱਤਾ ਗਿਆ ਅਨਮੋਲ ਤੋਹਫ਼ਾ ਹੈ। ਇਸ ਤੋਹਫ਼ੇ ਵਿਚ ਸਾਨੂੰ ਚੰਗੇ-ਮਾੜੇ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ। ਪਰ ਅਫ਼ਸੋਸ, ਅਸੀਂ ਸਾਰੀ ਉਮਰ ਜ਼ਿੰਦਗੀ ਨਾਲ ਲੜਦੇ ਰਹਿੰਦੇ ਹਾਂ, ਪਰਮਾਤਮਾ ਨਾਲ ਗਿਲ਼ੇ-ਸ਼ਿਕਵੇ ਕਰਦੇ ਹਾਂ, ਪੈਸੇ ਪਿੱਛੇ ਭੱਜਦੇ ਹਾਂ ਅਤੇ ਕਈ ਵਾਰ ਕੁਝ ਗ਼ਲਤਫ਼ਹਿਮੀਆਂ ਅਤੇ ਆਪਣੀ ਹਉਮੈ ਕਰਕੇ ਬੇਸ਼ੁਮਾਰ ਕੀਮਤੀ ਰਿਸ਼ਤੇ ਵੀ ਤੋੜ ਦਿੰਦੇ ਹਾਂ। ਆਖ਼ਿਰ ਇਹ ਸਭ ਕੁਝ ਅਸੀਂ ਕਿਸ ਵਾਸਤੇ ਕਰ ਰਹੇ ਹਾਂ? ਕੀ ਸਾਡੀ ਜ਼ਿੰਦਗੀ ਦਾ ਮਕਸਦ ਐਨਾ ਛੋਟਾ ਰਹਿ ਗਿਆ ਹੈ? ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਅਤੇ ਰਿਸ਼ਤਿਆਂ ਨੂੰ ਸਲੀਕੇ ਨਾਲ ਨਿਭਾਉਣ ਲਈ ਸਾਨੂੰ ਕੁਝ ਛੋਟੀਆਂ ਪਰ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਜਿਵੇਂ ਸਭ ਤੋਂ ਪਹਿਲਾਂ ਪਰਮਾਤਮਾ ਉੱਪਰ ਭਰੋਸਾ ਕਰਨਾ ਪਵੇਗਾ। ਮੰਨਣਾ ਪਵੇਗਾ ਕਿ ਜਿਸ ਪਰਮਾਤਮਾ ਨੇ ਇਸ ਦੁਨੀਆ ਵਿਚ ਭੇਜਿਆ ਹੈ ਉਸ ਨੂੰ ਸਾਡਾ ਫ਼ਿਕਰ ਹੈ। ਦੂਜਾ, ਸਾਨੂੰ ਆਪਣੇ ਅੰਦਰ ਦੂਜਿਆਂ ਨੂੰ ਮਾਫ਼ ਕਰਨ ਦੀ ਭਾਵਨਾ ਅਤੇ ਹਿੰਮਤ ਜਗਾਉਣੀ ਪਵੇਗੀ। ਤੀਜਾ, ਉਨ੍ਹਾਂ ਰਿਸ਼ਤਿਆਂ ਅਤੇ ਸਥਿਤੀਆਂ 'ਚੋਂ ਖ਼ੁਸ਼ੀ ਲੱਭਣੀ ਪਵੇਗੀ ਜੋ ਸਾਡੇ ਕੋਲ ਹਨ।

ਸਮੇਂ ਦੀ ਮੰਗ ਹੈ ਕਿ ਅਸੀਂ ਖ਼ੁਦ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣੀਏ ਕਿਉਂਕਿ ਜਿਸ ਸਮਾਜ ਵਿਚ ਮਾਪੇ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹੋਣਗੇ, ਉਸ ਸਮਾਜ ਦੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਲੈਕਚਰ ਸੁਣਨ ਦੀ ਜ਼ਰੂਰਤ ਨਹੀਂ ਪਵੇਗੀ। ਆਪਣੇ-ਆਪ ਨੂੰ ਝੂਠ, ਬੇਇਮਾਨੀ, ਦਿਖਾਵੇ, ਸ਼ਿਕਾਇਤਾਂ ਅਤੇ ਨਫ਼ਰਤ ਤੋਂ ਦੂਰ ਰੱਖ ਕੇ ਸੱਚ, ਇਮਾਨਦਾਰੀ, ਸਬਰ ਅਤੇ ਖ਼ਿਮਾ ਦਾ ਪੱਲਾ ਫੜੀਏ । ਨੇਕ ਬੰਦਿਆਂ ਦੀ ਸੰਗਤ ਕਰੀਏ । ਬੱਚਿਆਂ ਦੀਆਂ ਵਸਤਾਂ ਪ੍ਰਤੀ ਖ਼ਾਹਿਸ਼ਾਂ ਘਟਾ ਕੇ ਉਨ੍ਹਾਂ 'ਚ ਉਸਾਰੂ ਕਦਰਾਂ-ਕੀਮਤਾਂ ਉਪਜਾਈਏ। ਬੱਚਿਆਂ ਲਈ ਪੈਸਾ ਜੋੜਨ ਦੀ ਬਜਾਏ ਉਨ੍ਹਾਂ ਨੂੰ ਐਨੇ ਲਾਇਕ ਤੇ ਕਾਬਿਲ ਬਣਾਈਏ ਕਿ ਉਹ ਆਪਣੀਆਂ ਜ਼ਰੂਰਤਾਂ ਆਪ ਪੂਰੀਆਂ ਕਰ ਸਕਣ। ਪੈਸਾ ਕਮਾਉਣ ਦੀ ਬਜਾਏ ਨੇਕ, ਸੁਚੇਤ ਤੇ ਸ਼ਕਤੀਸ਼ਾਲੀ ਰਿਸ਼ਤੇ ਸਿਰਜੀਏ ਤੇ ਬੱਚਿਆਂ ਨੂੰ ਵੀ ਰਿਸ਼ਤਿਆਂ ਦੀ ਅਹਿਮੀਅਤ ਸਮਝਾਈਏ। ਜਿੱਥੇ ਰਿਸ਼ਤੇ ਪਿਆਰ ਅਤੇ ਅਪਣੱਤ ਵਾਲੇ ਹੋਣਗੇ, ਉੱਥੇ ਦੁੱਖ ਸੁੱਖਾਂ ਵਿਚ ਬਦਲ ਜਾਣਗੇ ਅਤੇ ਉੱਥੇ ਸਾਡਾ ਰਿਸ਼ਤਾ ਪਰਮਾਤਮਾ ਨਾਲ ਵੀ ਸੁਖਾਵਾਂ ਹੋਵੇਗਾ। ਇਨ੍ਹਾਂ ਨਿੱਕੇ-ਨਿੱਕੇ ਯਤਨਾਂ ਸਦਕਾ ਅਸੀਂ ਇਕ ਚੰਗੇ ਅਤੇ ਉਸਾਰੂ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਦੇ ਸਕਦੇ ਹਾਂ।

ਖੁੱਲ੍ਹੇ ਵਾਤਾਵਰਨ ਵਾਲੇ ਸਕੂਲ

ਸੁਖਰਾਜ ਚਹਿਲ ਧਨੌਲਾ

ਜਨਮ ਤੋਂ ਬਾਅਦ ਨੰਨ੍ਹੇ-ਮੁੰਨ੍ਹੇ ਬੱਚਿਆਂ ਨੂੰ ਜਦੋਂ ਤਕ ਤਾਂ ਘਰ ਵਿਚ ਹੀ ਰੱਖਿਆ ਜਾਂਦਾ ਹੈ ਉਦੋਂ ਤਕ ਤਾਂ ਉਹ ਬਹੁਤ ਖ਼ੁਸ਼ ਰਹਿੰਦੇ ਹਨ। ਹਰ ਪਲ ਦਾ ਆਨੰਦ ਮਾਣਦੇ ਹੋਏ ਖੇਡਣ, ਕੁੱਦਣ ਦੇ ਨਾਲ-ਨਾਲ ਜੋ ਦੇਖ ਲੈਂਦੇ ਹਨ ਉਸ ਨੂੰ ਹਾਸਲ ਕਰਕੇ ਆਪਣੇ ਭੋਲੇਪਨ ਵਾਲੇ ਬਚਪਨ ਨੂੰ ਖ਼ੁਸ਼ੀ ਭਰੇ ਢੰਗ ਨਾਲ ਬਤੀਤ ਕਰਦੇ ਹਨ। ਪਰ ਜਦੋਂ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਸਕੂਲ ਵਿਚ ਦਾਖ਼ਲ ਕਰਵਾਉਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨ ਵਾਸਤੇ ਪਹਿਲਾਂ ਇਕ ਪਲੇਅ ਵੇਅ ਸਕੂਲ ਜਾਂ ਸਰਕਾਰੀ ਤੌਰ 'ਤੇ ਬਣੇ ਕੇਂਦਰਾਂ ਦੀ ਭਾਲ ਕੀਤੀ ਜਾਂਦੀ ਹੈ, ਜਿੱਥੇ ਬੱਚਿਆਂ ਨੂੰ ਸਕੂਲ ਵਿਚ ਖੜ੍ਹਨ, ਬੈਠਣ ਅਤੇ ਥੋੜ੍ਹੀ-ਥੋੜ੍ਹੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਜਦੋਂ ਬੱਚੇ ਇੱਥੇ ਦਾਖ਼ਲ ਕਰਵਾਏ ਜਾਂਦੇ ਹਨ ਤਾਂ ਉਹ ਇੱਥੇ ਆਉਣ ਤੋਂ ਕੰਨ੍ਹੀ ਕਤਰਾਉਂਦੇ ਹਨ ਜਦੋਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਉਹ ਨਾਲ ਦੀ ਨਾਲ ਰੋਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਬੱਚੇ ਆਪਣੇ ਸਕੂਲ ਅੰਦਰ ਵੀ ਘਰ ਵਰਗੇ ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਾਲਾ ਮਹੌਲ ਲੱਭਦੇ ਹਨ। ਜੇਕਰ ਦੇਖਿਆ ਜਾਵੇ ਤਾਂ ਬਹੁਤ ਥਾਵਾਂ 'ਤੇ ਅਜਿਹੇ ਸਕੂਲ ਜਿੱਥੇ ਬੱਚਿਆਂ ਨੂੰ ਸਿਰਫ਼ ਸਕੂਲ 'ਚ ਬੈਠਣ ਲਈ ਤਿਆਰ ਕਰਨ ਦੇ ਮਕਸਦ ਨਾਲ ਤਿਆਰ ਕੀਤਾ ਜਾਂਦਾ ਹੈ। ਉੱਥੇ ਸਿਰਫ਼ ਇਕ ਜਾਂ ਦੋ ਹੁੰਦੇ ਜਾਂ ਇਸ ਤੋਂ ਵਧ ਕਮਰੇ ਤਿਆਰ ਕਰਕੇ ਹੀ ਇਕ ਤਰ੍ਹਾਂ ਦਾ ਪਲੇਅ ਵੇਅ ਸਕੂਲ ਬਣਾਇਆ ਜਾਂਦਾ ਹੈ। ਜਿੱਥੇ ਆਲ੍ਹਾ-ਦੁਆਲ੍ਹਾ ਬੰਦ ਹੁੰਦਾ ਹੈ। ਅਜਿਹੀ ਥਾਂ ਉੱਪਰ ਆ ਕੇ ਬੱਚਾ ਆਪਣੇ ਆਪ ਲਈ ਘੁਟਣ ਮਹਿਸੂਸ ਕਰਦਾ ਹੈ ਕਿਉਂਕਿ ਇੱਥੋਂ ਦਾ ਵਾਤਾਵਰਨ ਉਸ ਦੇ ਪਸੰਦ ਨਹੀਂ ਆਉਂਦਾ ਜਿਸ ਕਰਕੇ ਹਰੇਕ ਬੱਚਾ ਇੱਥੇ ਆਉਣ ਤੋਂ ਡਰਦਾ ਤੇ ਘਬਰਾਉਂਦਾ ਹੈ। ਅਜਿਹੇ ਮਾਹੌਲ ਵਿਚ ਰਹਿਣਾ ਬੱਚੇ ਲਈ ਬਹੁਤ ਔਖਾ ਹੁੰਦਾ ਹੈ। ਉਸ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਰੁਕਾਵਟ ਆਉਣੀ ਸੁਭਾਵਿਕ ਹੈ ਕਿਉਂਕਿ ਉਸ ਨੂੰ ਖੇਡਣ ਕੁੱਦਣ ਤੋਂ ਵਰਜਿਆ ਜਾਂਦਾ ਹੈ। ਹਰੇਕ ਬੱਚਾ ਜਦੋਂ ਖੇਡਦਾ, ਕੁੱਦਦਾ ਹੈ ਤਾਂ ਉਸ ਨੂੰ ਦੇਖ ਦੇ ਇਹ ਲੱਗਦਾ ਹੈ ਕਿ ਜਿਵੇਂ ਉਸ ਨੂੰ ਸਾਰੇ ਜਹਾਨ ਦੀਆਂ ਖ਼ੁਸ਼ੀਆਂ ਪ੍ਰਾਪਤ ਹੋ ਗਈਆਂ ਹੋਣ। ਜੇਕਰ ਸੀਮਤ ਜਿਹੀ ਜਗ੍ਹਾ 'ਤੇ ਬੱਚੇ ਨੂੰ ਰੱਖਿਆ ਜਾਂਦਾ ਹੈ ਤਾਂ ਉਹ ਅਜਿਹਾ ਮਹਿਸੂਸ ਕਰਦਾ ਹੈ ਜਿਵੇਂ ਕੋਈ ਚੰਗਾ ਭਲਾ ਇਨਸਾਨ ਜੇਲ੍ਹ ਵਿਚ ਕੈਦ ਕੱਟ ਰਿਹਾ ਹੋਵੇ ਕਿਉਂਕਿ ਬੱਚੇ ਨੂੰ ਇਕ ਤਰ੍ਹਾਂ ਦਾ ਮਾਨਸਿਕ ਤਣਾਅ ਮਹਿਸੂਸ ਹੋਣ ਲੱਗ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਦੇਖਿਆ ਜਾਵੇ ਬੱਚਿਆਂ ਨੂੰ ਇਹ ਕਿਹਾ ਜਾਵੇ ਕਿ 'ਚਲੋ ਪਾਰਕ ਆਦਿ 'ਚ ਚੱਲ ਕੇ ਆਈਏਂ' ਤਾਂ ਉਹ ਬੜੀ ਖ਼ੁਸ਼ੀ ਅਤੇ ਉਤਸਾਹ ਨਾਲ ਤਿਆਰ ਹੋਣਗੇ ਕਿਉਂਕਿ ਉੱਥੇ ਉਨ੍ਹਾਂ ਨੂੰ ਖੇਡਣ ਅਤੇ ਝੂਲਿਆਂ ਵਿਚ ਝੂਟੇ ਲੈਣ, ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਿਚ ਜਾਣ ਦਾ ਮੌਕਾ ਮਿਲਣਾ ਹੁੰਦਾ ਹੈ। ਇਸੇ ਕਰਕੇ ਉਸ ਦੀ ਰੁਚੀ ਇਸ ਪਾਸੇ ਵੱਲ ਵਧੇਰੇ ਹੁੰਦੀ ਹੈ ਕਿਉਂਕਿ ਬੱਚਿਆਂ ਦਾ ਕੁਦਰਤ ਨਾਲ ਬੜਾ ਗੂੜਾ ਰਿਸ਼ਤੇ ਹੁੰਦਾ ਹੈ। ਉਹ ਹਮੇਸ਼ਾ ਹੀ ਪਾਰਕ ਵਰਗੇ ਵਾਤਾਵਰਨ ਵਿਚ ਜਾਣ ਲਈ ਤਿਆਰ ਰਹਿੰਦੇ ਹਨ। ਜੇਕਰ ਅਜਿਹਾ ਮਾਹੌਲ ਬੱਚੇ ਨੂੰ ਆਪਣੇ ਸਕੂਲ ਅੰਦਰ ਵੀ ਮਿਲੇ ਤਾਂ ਉਹ ਕਦੇ ਵੀ ਸਕੂਲ ਜਾਣ ਤੋਂ ਨਾ ਘਬਰਾਏਗਾ ਤੇ ਤਣਾਅ ਨਾ ਮਹਿਸੂਸ ਕਰੇਗਾ।

ਬੱਚੇ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਰੱਖਿਆ ਜਾਵੇਗਾ ਤਾਂ ਉਸ ਵਿਚ ਨਿੱਡਰ ਅਤੇ ਚੰਗੀ ਲੀਡਰਸ਼ਿਪ ਵਾਲੇ ਗੁਣ ਪੈਦਾ ਹੋਣਗੇ ਨਹੀਂ ਤਾਂ ਉਹ ਜਦੋਂ ਅੱਗੇ ਪੜ੍ਹਾਈ ਲਈ ਸਕੂਲ ਵਿਚ ਜਾਵੇਗਾ ਤਾਂ ਇੱਥੇ ਉਹ ਘਬਰਾਹਟ ਮਹਿਸੂਸ ਕਰਦਾ ਹੋਇਆ ਆਪਣੀ ਜ਼ਿੰਦਗੀ ਦੀ ਸ਼ੁਰੂਆ

ਅਖਰੋਟ ਦੇ ਫ਼ਾਇਦੇ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ 'ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਚਮੜੀ ਦੀ ਪਰੇਸ਼ਾਨੀ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ 'ਚ ਦੱਸਦੇ ਹਾਂ...

ਭਾਰ ਘੱਟ ਕਰਨ 'ਚ ਮਦਦਗਾਰ

ਅਖਰੋਟ ਭਾਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਹਰ ਰੋਜ਼ ਇਨ੍ਹਾਂ ਦਾ ਸੇਵਨ ਕਰਨਾ ਚਾਹੀਦਾ ਹੈ।

ਵਧੀਆ ਨੀਂਦ

ਜਿਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹ�ो ਜਾਂਦੀ ਹੈ।

ਦਿਲ ਲਈ ਵਧੀਆ

ਇਸ 'ਚ ਪਾਏ ਜਾਣ ਵਾਲੇ ਐਂਟੀ ਆਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਸੇਵਨ ਨਾਲ ਦਿਲ ਸਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

ਡਾਇਬਟੀਜ਼

ਡਾਇਬਟੀਜ਼ ਵਾਲੇ ਰੋਗੀਆਂ ਨੂੰ ਹਰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ।

ਤਣਾਅ ਤੋਂ ਦੂਰ

ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ 'ਚ ਜੋ ਲੋਕ ਤਣਾਅ ਦੇ ਸ਼ਿਕਾਰ ਹਨ ਉਨ੍ਹਾਂ ਨੂੰ ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ।

ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਹੱਤਤਾ

ਅਮਰਜੀਤ ਕੌਰ ਵਿਰਦੀ

ਕੈਲਸ਼ੀਅਮ ਇਕ ਅਜਿਹਾ ਮਿਨਰਲ ਹੈ ਜੋ ਜੀਵਨ ਲਈ ਅਤਿ ਜ਼ਰੂਰੀ ਹੈ। ਇਹ ਸਰੀਰ ਦੇ ਸੈੱਲਾਂ ਦੀਆਂ ਜੀਵ ਰਸਾਇਣ ਕਿਰਿਆਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਇਸ ਕਰਕੇ ਇਸ ਨੂੰ ਨਿਊਰੋਮੀਟਰ ਵੀ ਕਿਹਾ ਜਾਂਦਾ ਹੈ।
- ਹੱਡੀਆਂ ਦੇ ਬਣਨ, ਵਧਣ, ਮਜ਼ਬੂਤੀ ਦੇਣ ਤੇ ਸੈੱਲ ਮੈਂਬਰੇਨ ਦੇ ਬਣਨ 'ਚ ਸਹਾਈ ਹੈ।
- ਮਾਸ-ਪੇਸ਼ੀਆਂ ਦੇ ਸੁੰਗੜਨ ਤੇ ਫੈਲਣ 'ਚ ਸਹਾਈ ਹੈ।
- ਖ਼ੂਨ ਬਣਾਉਣ 'ਚ ਸਹਾਈ ਹੁੰਦਾ ਹੈ।
- ਸਰੀਰ 'ਚ ਕਈ ਇਨਜਾਇਮਜ਼ ਨੂੰ ਬਣਾਉਂਦਾ ਹੈ।
- ਭਰੂਣ ਨੂੰ ਵੀ ਬਣਾਉਂਦਾ ਹੈ।
- ਕੈਲਸ਼ੀਅਮ ਨਿਕੜੇ-ਅੰਗ ਮਾਈਟੋਕਾਂਡਰੀਆ 'ਚ ਜਮ੍ਹਾਂ ਹੁੰਦਾ ਹੈ।

ਵਿਟਾਮਿਨ ਡੀ3 ਦੀ ਐਕਟਿਵ ਕਿਸਮ ਭੋਜਨ ਆਂਤੜੀ 'ਚੋਂ ਕੈਲਸ਼ੀਅਮ ਸੋਖਣ 'ਚ ਸਹਾਇਤਾ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਹੋਵੇ ਤਾਂ ਕੈਲਸ਼ੀਅਮ ਦਾ ਸੋਖਣਾ ਨਹੀਂ ਹੁੰਦਾ ਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਉਮਰ 'ਚ ਹੀ ਜ਼ਿਆਦਾ ਕੈਲਸ਼ੀਅਮ ਦੀ ਲੋੜ ਪੈ ਜਾਂਦੀ ਹੈ। 150 ਸਾਲ ਦੀ ਉਮਰ ਤਕ ਪੁਰਸ਼ ਤੇ ਔਰਤਾਂ ਨੂੰ ਲਗਪਗ 1,000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ ਪਰ 50 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਨੂੰ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਜਦ ਕਿ ਪੁਰਸ਼ਾਂ ਨੂੰ 60-65 ਸਾਲ ਦੀ ਉਮਰ 'ਚ ਇਸ ਤਰ੍ਹਾਂ ਦੀ ਲੋੜ ਪੈਂਦੀ ਹੈ। ਬੱਚਿਆਂ ਨੂੰ 4-8 ਸਾਲ ਦੀ ਉਮਰ ਤਕ ਲਗਪਗ 1,000 ਮਿਲੀਗ੍ਰਾਮ ਤੇ 9-18 ਸਾਲ ਦੀ ਉਮਰ 'ਚ ਲਗਪਗ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

• ਕੈਲਸ਼ੀਅਮ ਦੀ ਘਾਟ ਕਿਵੇਂ ਹੋ ਜਾਂਦੀ ਹੈ?

ਹਰ ਰੋਜ਼ ਸਾਡੇ ਸਰੀਰ 'ਚੋਂ ਚਮੜੀ ਰਾਹੀਂ, ਨਹੁੰਆਂ ਰਾਹੀਂ, ਵਾਲ਼ਾਂ ਦੇ ਝੜਨ ਨਾਲ, ਪਸੀਨੇ ਦੁਆਰਾ, ਪਿਸ਼ਾਬ ਰਾਹੀਂ ਤੇ ਪਖਾਨੇ ਰਾਹੀਂ ਤੇ ਹੱਡੀਆਂ ਦੀ ਟੁੱਟ ਭੱਜ ਨਾਲ ਵੀ ਕੈਲਸ਼ੀਅਮ ਸਰੀਰ 'ਚ ਘੱਟਦਾ ਰਹਿੰਦਾ ਹੈ। ਇਸ ਲਈ ਕੈਲਸ਼ੀਅਮ ਦੀ ਸਾਨੂੰ ਰੋਜ਼ਾਨਾ ਭੋਜਨ 'ਚ ਲੋੜ ਹੁੰਦੀ ਹੈ।

ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ ਵਿਟਾਮਿਨ ਡੀ

ਵਿਟਾਮਿਨ ਡੀ ਸੂਰਜ ਦੀਆਂ ਕਿਰਨਾਂ ਦੁਆਰਾ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਰੋਜ਼ਾਨਾ ਸਵੇਰ ਦੀ ਧੁੱਪ ਲਵਾਉਣ ਨਾਲ ਵਿਟਾਮਿਨ ਡੀ ਪ੍ਰਾਪਤ ਹੋ ਜਾਂਦਾ ਹੈ। ਵਿਟਾਮਿਨ ਡੀ ਭੋਜਨ ਦੇ ਰੂਪ 'ਚ ਫੈਟੀ ਫਿਸ਼ ਜਿਵੇਂ-ਟੂਨਾ, ਸੈਲਮਨ, ਸਾਰਡੀਨ ਆਦਿ। ਕਾਡ ਲਿਵਰ ਆਇਲ, ਆਂਡਾ, ਚੀਜ਼, ਸੰਤਰੇ ਦਾ ਜੂਸ, ਸੋਇਆ ਮਿਲਕ ਆਦਿ ਤੋਂ ਪ੍ਰਾਪਤ ਹੁੰਦਾ ਹੈ।

• ਕੈਲਸ਼ੀਅਮ ਕਿਵੇਂ ਪੂਰਾ ਕਰੀਏ?

ਕੈਲਸ਼ੀਅਮ ਅਸੀਂ ਆਪਣੇ ਰੋਜ਼ਾਨਾ ਭੋਜਨ 'ਚ ਪ੍ਰਾਪਤ ਕਰਦੇ ਹਾਂ। ਇਸ ਲਈ ਰੋਜ਼ਾਨਾ ਲਗਪਗ ਦੋ ਗਲਾਸ ਘੱਟ ਫੈਟ ਵਾਲਾ ਦੁੱਧ ਆਮ ਵਿਅਕਤੀ ਲਈ ਤੇ ਬੱਚਿਆਂ ਨੂੰ ਇਸ ਤੋਂ ਜ਼ਿਆਦਾ ਦੁੱਧ ਦੀ ਲੋੜ ਹੁੰਦੀ ਹੈ। ਇਕ ਛੋਟੀ ਕਟੋਰੀ ਦਹੀਂ ਤੇ 30 ਕੁ ਗ੍ਰਾਮ ਪਨੀਰ ਇਹ ਸਾਰੇ ਦਿਨ ਦੀ ਡਾਈਟ 'ਚ ਸ਼ਾਮਿਲ ਕਰਨ ਨਾਲ ਕੈਲਸ਼ੀਅਮ ਦੀ ਰੋਜ਼ਾਨਾ ਲੋੜ ਪੂਰੀ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਦੁੱਧ ਦੀ ਥਾਂ ਸੋਇਆ ਮਿਲਕ, ਸੁੱਕਾ ਦੁੱਧ ਜਾਂ ਬਾਦਾਮ ਦਾ ਦੁੱਧ ਵੀ ਵਰਤਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਜਿਵੇਂ-ਬਰੋਕਲੀ, ਪਾਲਕ, ਸ਼ਿਮਲਾ ਮਿਰਚ, ਹਰੀ ਜਾਂ ਲਾਲ ਮਿਰਚ, ਮੂਲੀ ਜਾਂ ਮੂਲੀ ਦੇ ਪੱਤੇ, ਸ਼ਲਗਮ ਤੇ ਮੇਥੀ ਦੇ ਪੱਤੇ, ਹਰਾ ਧਨੀਆਂ, ਪੁਦੀਨਾ, ਹਰੇ ਪਿਆਜ਼, ਪਿਆਜ਼ ਦੀਆਂ ਹਰੀਆਂ ਡੂਕਾਂ, ਚੁਕੰਦਰ, ਮਸ਼ਰੂਮ, ਫੁੱਲ-ਗੋਭੀ, ਗਾਜਰਾਂ,ਤਿਲ ਆਦਿ ਪਦਾਰਥਾਂ 'ਚ ਕੈਲਸ਼ੀਅਮ ਕਾਫ਼ੀ ਮਾਤਰਾ 'ਚ ਪਾਈ ਜਾਂਦੀ ਹੈ। ਲਗਪਗ ਸਾਰੀਆਂ ਪੱਤੇਦਾਰ ਸਬਜ਼ੀਆਂ ਤੇ ਬਾਕੀ ਸਾਰੀਆਂ ਸਬਜ਼ੀਆਂ, ਫਲ, ਸੁਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਰਸਫੋਰਸ, ਆਇਓਡੀਨ ਕਾਪਰ ਜਿੰਕ ਆਦਿ। ਮਿਨਰਲਜ਼ ਜਿਨ੍ਹਾਂ ਦੀ ਸਰੀਰ ਨੂੰ ਥੋੜ੍ਹੀ ਮਾਤਰਾ 'ਚ ਲੋੜ ਹੁੰਦੀ ਹੈ।

ਸਬਜ਼ੀਆਂ, ਫਲ, ਸੁੱਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਇਨ੍ਹਾਂ 'ਚ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਹੁੰਦਾ ਹੈ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ...

ਕੈਲਸ਼ੀਅਮ ਦੀ ਘਾਟ ਦੇ ਲੱਛਣ

- ਯਾਦਦਾਸ਼ਤ ਘੱਟ ਸਕਦੀ ਹੈ।
- ਨਹੁੰ ਕਮਜ਼ੋਰ ਹੋ ਜਾਂਦੇ ਹਨ।
- ਦੰਦ ਝੁਰ ਕੇ ਟੁੱਟ ਸਕਦੇ ਹਨ।
- ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਥੋੜ੍ਹੀ ਜਿਹੀ ਸੱਟ ਨਾਲ ਟੁੱਟ ਜਾਂਦੀਆਂ ਹਨ।
- ਡਿਪਰੈਸ਼ਨ ਦਾ ਇਕ ਕਾਰਨ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ।
- ਮਾਸ-ਪੇਸ਼ੀਆਂ ਦੀ ਹਿਲਜੁਲ ਘੱਟ ਜਾਂਦੀ ਹੈ।

45ਤੋਂ 50 ਕੁ ਸਾਲ ਦੀ ਉਮਰ ਤੋਂ ਬਾਅਦ ਆਪਣਾ ਕੈਲਸ਼ੀਅਮ ਟੈਸਟ ਕਰਵਾ ਲੈਣਾ ਚਾਹੀਦਾ ਹੈ ਤੇ ਡਾਕਟਰ ਦੀ ਸਲਾਹ ਨਾਲ ਜੇ ਲੋੜ ਹੋਵੇ ਤਾਂ ਕੈਲਸ਼ੀਅਮ ਸਪਲੀਮੈਂਟ ਵਰਤ ਲੈਣੇ ਚਾਹੀਦੇ ਹਨ ਤਾਂ ਜੋ ਕੈਲਸ਼ੀਅਮ ਸਰੀਰ 'ਚ ਪੂਰਾ ਰਹੇ ਤਾਂ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

95307-49092

ਪਦਮ ਆਸਣ

ਪਦਮ ਆਸਣ ਯੋਗ ਦਾ ਸਭ ਤੋਂ ਮਹੱਤਵਪੂਰਨ ਆਸਣ ਹੈ। ਇਹ ਆਸਣ ਪ੍ਰਾਣਾਯਾਮ ਦਾ ਅਭਿਆਸ ਕਰਨ ਵਿਚ ਮਦਦ ਕਰਦਾ ਹੈ।

ਜ਼ਰੂਰੀ ਸਮੱਗਰੀ

ਇਕ ਚਾਦਰ ਜਾਂ ਦਰੀ, ਸ਼ੁੱਧ ਅਤੇ ਸ਼ਾਂਤ ਵਾਤਾਵਰਨ।

ਸਮਾਂ

ਇਸ ਆਸਣ ਨੂੰ ਖ਼ਾਲੀ ਪੇਟ ਕਰੋ ਜਾਂ ਖਾਣਾ ਖਾਣ ਤੋਂ ਤਿੰਨ ਚਾਰ ਘੰਟੇ ਬਾਅਦ ਕਰੋ। ਯੋਗ ਅਭਿਆਸ ਅਸੀਂ ਸਵੇਰ ਦੇ ਨਾਲ-ਨਾਲ ਸ਼ਾਮ ਦੇ ਵੇਲੇ ਵੀ ਕਰ ਸਕਦੇ ਹਾਂ ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਖ਼ਾਲੀ ਹੋਵੇ ।

ਵਿਧੀ

- ਸਭ ਤੋ ਪਹਿਲਾਂ ਸੁੱਖ ਆਸਣ (ਚੌਕੜੀ ਮਾਰਨਾ) 'ਚ ਬੈਠ ਜਾਓ।
- ਹੁਣ ਆਪਣੀਆਂ ਦੋਵੇਂ ਲੱਤਾਂ ਸਾਹਮਣੇ ਦੀ ਤਰਫ਼ ਖੋਲ੍ਹੋ। ਹੁਣ ਸੱਜੇ ਪੈਰ ਨੂੰ ਖੱਬੇ ਪੱਟ ਅਤੇ ਖੱਬੇ ਪੈਰ ਨੂੰ ਸੱਜੇ ਪੱਟ ਉੱਤੇ ਰੱਖ ਲਵੋ।
- ਦੋਵੇਂ ਹੱਥਾਂ ਦੀਆਂ ਗਿਆਨ ਮੁਦਰਾ (ਅੰਗੂਠੇ ਨਾਲ ਪਹਿਲੀ ਉਂਗਲ ਨੂੰ ਮਿਲਾਉ, ਬਾਕੀ ਤਿੰਨ ਉਂਗਲਾਂ ਬਾਹਰ ਦੀ ਤਰਫ਼ ਖੁੱਲ੍ਹੀਆਂ ਰਹਿਣਗੀਆਂ) ਬਣਾ ਕਿ ਗੋਡਿਆਂ ਉੱਤੇ ਰੱਖ ਲਵੋ।
- ਇਸ ਤਰ੍ਹਾਂ ਕਰਦੇ ਹੋਏ ਹਥੇਲੀਆਂ ਆਸਮਾਨ ਦੀ ਤਰਫ਼ ਹੋਣਗੀਆਂ।
- ਰੀੜ੍ਹ ਦੀ ਹੱਡੀ ਅਤੇ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਅੱਖਾਂ ਬੰਦ।
- ਇਸ ਆਸਣ ਨਾਲ ਅਸੀਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹਾਂ।
- ਜੇ ਦੋਵੇਂ ਲੱਤਾਂ ਨਾ ਚੁੱਕ ਸਕੋ ਤਾਂ ਕੁਝ ਦਿਨ ਤਕ ਇਕ-ਇਕ ਲੱਤ ਨਾਲ ਵੀ ਅਭਿਆਸ ਕਰ ਸਕਦੇ ਹੋ।

ਸਾਵਧਾਨੀਆਂ

- ਮਨ ਤਣਾਅ ਰਹਿਤ ਰਹੇ।
- ਸਾਰਾ ਧਿਆਨ ਆਪਣੇ ਆਸਣ ਵੱਲ ਹੋਵੇ।
- ਸ਼ੁਰੂ ਸ਼ੁਰੂ ਵਿਚ ਜ਼ਿਆਦਾ ਜ਼ੋਰ ਨਾ ਲਾਉ, ਹੌਲੀ ਅਭਿਆਸ ਕਰੋ।
- ਜਿਨ੍ਹਾਂ ਨੇ ਗੋਡਿਆਂ ਦਾ ਆਪਰੇਸ਼ਨ ਕਰਵਾਇਆ ਹੋਵੇ ਉਹ ਇਸ ਨੂੰ ਨਾ ਕਰਨ।
- ਸਮਰੱਥਾ ਤੋਂ ਜ਼ਿਆਦਾ ਜ਼ੋਰ ਨਾ ਲਾਉ।

ਲਾਭ

- ਇਸ ਨਾਲ ਧਿਆਨ ਸਮਰੱਥਾ ਵਿਚ ਵਾਧਾ ਹੁੰਦਾ ਹੈ।
- ਇਹ ਆਸਣ ਦਿਮਾਗ਼ ਨੂੰ ਸ਼ਾਂਤ ਕਰਦਾ ਹੈ।
- ਪੱਟਾਂ ਨੂੰ ਮਜ਼ਬੂਤ ਕਰਦਾ ਹੈ ।
- ਪੜ੍ਹਨ ਵਾਲੇ ਬੱਚਿਆਂ ਲਈ ਬਹੁਤ ਲਾਭਕਾਰੀ ਹੈ ।
- ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵਧੀਆ ਹੈ।

ਸਰੀਰ 'ਚ ਕਮਜ਼ੋਰੀ ਆਉਣ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਿਸ ਕਰਕੇ ਰੋਗ ਸਰੀਰ 'ਤੇ ਜਲਦੀ ਅਸਰ ਕਰਦਾ ਹੈ। ਕਮਜ਼ੋਰੀ ਦੇ ਕਾਰਨ ਸਿਰ ਦਰਦ, ਜ਼ੁਕਾਮ ਵਰਗੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਖਾਣੇ 'ਚ ਪਾਲਕ, ਪਪੀਤਾ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਇਸ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਆਓ ਜਾਣਦੇ ਹਾਂ ਕਮਜ਼ੋਰੀ ਨੂੰ ਦੂਰ ਕਰਨ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

ਪਾਲਕ

ਸਰੀਰ ਨੂੰ ਸਵਸਥ ਰੱਖਣ ਲਈ ਪਾਲਕ ਦਾ ਸੇਵਨ ਵੀ ਲਾਭਕਾਰੀ ਹੈ। ਹਰ ਰੋਜ਼ ਇਕ ਕੱਪ ਪਾਣੀ 'ਚ 4-5 ਪਾਲਕ ਦੇ ਪੱਤਿਆਂ ਨੂੰ ਪਾ ਕੇ ਉਬਾਲ ਲਓ ਤੇ ਠੰਢਾ ਹੋਣ 'ਤੇ ਅੱਧਾ ਗਿਲਾਸ ਟਮਾਟਰ ਦਾ ਰਸ ਪਾ ਕੇ ਪੀਣਾ ਸਿਹਤ ਲਈ ਗੁਣਕਾਰੀ ਹੁੰਦਾ ਹੈ। ਇਸ ਦੇ ਇਲਾਵਾ ਪਾਲਕ ਤੇ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ।

ਪਪੀਤਾ

ਪਪੀਤਾ ਬਲੱਡ ਦੇ ਪਲੇਟਲੈਟਸ ਨੂੰ ਵਧਾਉਣ 'ਚ ਮਦਦ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਰਸ ਜਾਂ ਫਿਰ ਪੱਕਾ ਪਪੀਤਾ ਖਾਣਾ ਵੀ ਸਿਹਤਮੰਦ ਹੈ।

ਨਾਰੀਅਲ ਪਾਣੀ

ਸਰੀਰ 'ਚ ਇਲੈਕਟ੍ਰੋਲਾਇਟਸ ਦੀ ਘਾਟ ਹੋਣ 'ਤੇ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਾਰੀਅਲ ਪਾਣੀ ਪੀਣ ਨਾਲ ਇਲੈਕਟ੍ਰੋਲਾਇਟਸ ਦੀ ਮਾਤਰਾ ਪੂਰੀ ਹੋ ਜਾਂਦੀ ਹੈ ਤੇ ਇਹ ਕੁਦਰਤੀ ਖਣਿਜ ਪਦਾਰਥ ਦਾ ਬਹੁਤ ਵਧੀਆ ਸਰੋਤ ਹੈ।

ਚੁਕੰਦਰ

ਚੁਕੰਦਰ ਨੂੰ ਜ਼ਿਆਦਾ ਸਲਾਦ ਦੇ ਤੌਰ 'ਤੇ ਖਾਧਾ ਜਾਂਦਾ ਹੈ। ਇਸ ਨਾਲ ਕੁਦਰਤੀ ਐਂਟੀਔਕਸੀਡੈਂਟ ਤੇ ਹੇਮੋਸਟੈਟਿਕ ਗੁਣ ਪਾਏ ਜਾਂਦੇ ਹਨ। ਚੁਕੰਦਰ ਦੇ 2 ਚਮਚ ਜੂਸ 'ਚ 1 ਗਲਾਸ ਗਾਜਰ ਦਾ ਜੂਸ ਮਿਲਾ ਕੇ ਪੀਣ ਨਾਲ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ।

ਅਵਾਜਾਈ ਪ੍ਰਦੂਸ਼ਣ ਹੁਣ ਅਜਿਹੇ ਪ੍ਰਕਾਸ਼ਿਤ ਦੋ ਵੱਖਰੇ ਅਧਿਐਨਾਂ ਅਨੁਸਾਰ ਬਜ਼ੁਰਗਾਂ ਅਤੇ ਅਣਜੰਮੇ ਬੱਚਿਆਂ ਲਈ ਸਿਹਤ ਦੇ ਖ਼ਤਰੇ ਖੜ੍ਹਾ ਕਰਦਾ ਹੈ। ਖੋਜ 'ਚ ਪਾਇਆ ਹੈ ਕਿ ਇਕ ਤੀਜ਼-ਤੜੱਕੇ ਵਾਲੀ ਗਲੀ ਵਿਚ ਦੋ ਘੰਟਿਆਂ ਦੀ ਸੈਰ ਕਰਦੇ ਸਮੇਂ ਬਿਰਧ ਲੋਕਾਂ ਦੇ ਹਵਾ ਦੇ ਪ੍ਰਦੂਸ਼ਣ ਦੀ ਖ਼ਰਾਕ ਪਾਈ ਜਾਂਦੀ ਹੈ ਅਤੇ ਉਨ੍ਹਾਂ ਖ਼ੂਨ ਦੀਆਂ ਨਾੜੀਆਂ ਵਿਚ ਠੁਕਸ ਪੈ ਜਾਂਦਾ ਹੈ ਅਤੇ ਫੇਫੜਿਆਂ ਦੇ ਫੈਲਣ ਵਿਚ ਪਰੇਸ਼ਾਨੀ ਹੁੰਦੀ ਹੈ। ਪੈਦਲ ਚੱਲਣ ਵਾਲ਼ਾ ਇਕ ਅਸਰਦਾਰ ਪ੍ਰਡਾਵੀ ਅਭਿਆਸ ਹੈ ਜੋ ਐਨਐਚਐਸ ਦੁਆਰਾ ਬਜ਼ੁਰਗਾਂ ਲਈ ਆਪਣੀ ਕਾਰਡੀਓਵੈਸਕੁਲਰ ਫਿਟਨੈਸ ਨੂੰ ਬਿਹਤਰ ਬਣਾਉਣ ਲਈ ਸਿਫਾਰਸ਼ ਕਰਦਾ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੇ ਇਸ ਨੂੰ ਨਕਾਰ ਦਿੱਤਾ ਹੈ। ਸਿਹਤਮੰਦ ਭਾਗੀਦਾਰਾਂ ਵਿਚ ਹੈਡ ਪਾਰਕ ਵਿਚ ਸੈਰ ਹਵਾ ਦੀ ਮਾਤਰਾ 'ਚ 7.5 ਫ਼ੀਸਦੀ ਸੁਧਾਰ ਹੋਇਆ। ਜਿਸ ਨਾਲ ਉਨ੍ਹਾਂ ਨੂੰ ਸਾਹ ਚੜ੍ਹਨ ਅਤੇ ਖ਼ੂਨ ਦੇ ਪ੍ਰਵਾਹ 'ਚ ਸੁਧਾਰ ਲਿਆ ਗਿਆ ਸੀ ਜੋ 26 ਘੰਟਿਆਂ ਤਕ ਜਾਰੀ ਰਿਹਾ। ਟ੍ਰੈਫਿਕ ਦੇ ਪ੍ਰਦੂਸ਼ਣ ਦੇ ਥੋੜ੍ਹੇ ਸਮੇਂ ਦੇ ਸੰਪਰਕ 'ਚ ਉਸ ਸਮੇਂ ਦੌਰਾਨ ਸਰੀਰਕ ਗਤੀਵਿਧੀ ਦੇ ਕਾਰਡੀਓ-ਪ੍ਰਤਿਕਿਰਿਆਤਮਕ ਲਾਭਾਂ ਨੂੰ ਰੋਕਿਆ ਗਿਆ ਹੈ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਏਅਰਵੇਜ਼ ਖੁੱਲ੍ਹ ਜਾਂਦੇ ਹਨ ਅਤੇ ਤੁਹਾਡੇ ਖ਼ੂਨ ਦੀਆਂ ਨਾੜਾਂ ਢਲ ਜਾਂ ਖੁੱਲ੍ਹਦੀਆਂ

ਯੁਵਾ ਸ਼ਕਤੀ ਦਾ ਸਸ਼ਕਤੀਕਰਣ: ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ 2025

ਲੇਖਕ : ਡਾ. ਮਨਸੁਖ ਮਾਂਡਵੀਆ (ਕੇਂਦਰੀ ਯੁਵਾ ਮਾਮਲੇ ਅਤੇ ਖੇਡ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ

ਭਾਰਤ ਆਪਣੀ ਸੁਤੰਤਰਤਾ ਦੇ ਸ਼ਤਾਬਦੀ ਵਰ੍ਹੇ-2047 ਵੱਲ ਅੱਗੇ ਵਧ ਰਿਹਾ ਹੈ, ਅਜਿਹੇ ਵਿੱਚ ਸਾਡੇ ਯੁਵਾ ਵਿਕਸਿਤ ਭਾਰਤ ਦੇ ਨਿਰਮਾਣ ਦੇ ਸਾਡੇ ਮਿਸ਼ਨ ਵਿੱਚ ਸਭ ਤੋਂ ਅੱਗੇ ਹਨ। ਬਿਨਾਂ ਕਿਸੇ ਰਾਜਨੀਤਕ ਪਿਛੋਕੜ ਵਾਲੇ ਇੱਕ ਲੱਖ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਸ਼ਾਮਲ ਕਰਨ ਦੇ ਮਾਣਯੋਗ ਪ੍ਰਧਾਨ ਮੰਤਰੀ ਦੇ ਸੱਦੇ 'ਤੇ, ਅਸੀਂ ਰਾਸ਼ਟਰੀ ਯੁਵਾ ਮਹੋਤਸਵ ਦੀ ਇੱਕ ਅਸਾਧਾਰਨ ਤੌਰ 'ਤੇ ਕਲਪਨਾ ਕੀਤੀ ਹੈ- ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ 2025 । ਇਹ ਸੰਵਾਦ ਸਿਰਫ਼ ਇੱਕ ਆਯੋਜਨ ਨਹੀਂ ਹੈ, ਇਹ ਇੱਕ ਅਭਿਯਾਨ ਹੈ, ਯੁਵਾ ਸਸ਼ਕਤੀਕਰਣ, ਅਗਵਾਈ ਅਤੇ ਵਿਵਹਾਰਿਕ ਵਿਚਾਰਾਂ ਦਾ ਇੱਕ ਜੀਵੰਤ ਉਤਸਵ ਹੈ, ਜੋ ਵਿਕਸਿਤ ਭਾਰਤ ਨਾਲ ਜੁੜੇ ਦੇਸ਼ ਦੇ ਦ੍ਰਿਸ਼ਟੀਕੋਣ ਦੇ ਅਨੁਰੂਪ ਹੈ।

ਰਾਸ਼ਟਰੀ ਯੁਵਾ ਮਹੋਤਸਵ ਦੀ ਕਲਪਨਾ

ਦੋ ਦਹਾਕਿਆ ਤੋਂ ਵਧ ਸਮੇਂ ਨਾਲ, ਰਾਸ਼ਟਰੀ ਯੁਵਾ ਮਹੋਤਸਵ ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਯੁਵਾ ਊਰਜਾ ਦਾ ਪ੍ਰਤੀਕ ਰਿਹਾ ਹੈ। ਹਾਲਾਂਕਿ, ਇਸ ਵਰ੍ਹੇ, ਅਸੀਂ ਵੱਖ-ਵੱਖ ਤਰੀਕੇ ਨਾਲ ਸੋਚਣ ਦੀ ਹਿੰਮਤ ਕੀਤੀ। 18 ਨਵੰਬਰ, 2024 ਨੂੰ, ਅਸੀਂ ਉਤਸਵ ਦੇ ਫਾਰਮੈਟ ਵਿੱਚ ਇੱਕ ਬੇਮਿਸਾਲ ਬਦਲਾਅ ਦਾ ਐਲਾਨ ਕੀਤਾ, ਜਿਸ ਦੇ ਕੇਂਦਰ ਵਿੱਚ ਅਗਵਾਈ, ਇਨੋਵੇਸ਼ਨ ਅਤੇ ਰਾਸ਼ਟਰ-ਨਿਰਮਾਣ ਨੂੰ ਰੱਖਿਆ ਗਿਆ।

ਇਸ ਕਲਪਨਾ ਦਾ ਕੇਂਦਰ ਹੈ- ਵਿਕਸਿਤ ਭਾਰਤ ਚੁਣੌਤੀ, ਜੋ ਤਿੰਨ ਪੜਾਵਾਂ ਵਾਲੀ ਪ੍ਰਤੀਯੋਗਿਤਾ ਹੈ। ਇਸ ਪ੍ਰਤੀਯੋਗਿਤਾ ਨੂੰ ਭਾਰਤ ਦੇ ਸਭ ਤੋਂ ਪ੍ਰਤਿਭਾਸ਼ਾਲੀ ਨੌਜਵਾਨਾਂ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਨੂੰ ਵਿਕਸਿਤ ਕਰਨ ਲਈ ਸਾਵਧਾਨੀ ਨਾਲ ਡਿਜ਼ਾਇਨ ਕੀਤਾ ਗਿਆ ਹੈ। ਇਹ ਚੁਣੌਤੀ ਯੋਗਤਾ, ਸਮਾਵੇਸ਼ ਅਤੇ ਪਾਰਦਰਸ਼ਿਤਾ 'ਤੇ ਅਧਾਰਿਤ ਹੈ, ਜੋ ਭੂਗੋਲਿਕ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਹਰ ਯੁਵਾ ਭਾਰਤੀ ਨੂੰ ਯੋਗਦਾਨ ਕਰਨ ਦਾ ਸਮਾਨ ਅਵਸਰ ਮਿਲਣਾ ਸੁਨਿਸ਼ਚਿਤ ਕਰਦੀ ਹੈ।

ਪਹਿਲਾ ਪੜਾਅ, ਵਿਕਸਿਤ ਭਾਰਤ ਕੁਇਜ਼ ਵਿੱਚ ਦੇਸ਼ ਭਰ ਦੇ ਲਗਭਗ 3 ਮਿਲਿਅਨ ਨੌਜਵਾਨਾਂ ਨੇ ਹਿੱਸਾ ਲਿਆ। 12 ਭਾਸ਼ਾਵਾਂ ਵਿੱਚ ਆਯੋਜਿਤ ਇਸ ਪ੍ਰਤਿਯੋਗਿਤਾ ਵਿੱਚ ਪਿਛਲੇ ਦਹਾਕਿਆਂ ਵਿੱਚ ਭਾਰਤ ਦੀ ਪ੍ਰਗਤੀ ਬਾਰੇ ਉਨ੍ਹਾਂ ਦੇ ਗਿਆਨ ਦਾ ਪ੍ਰੀਖਣ ਕੀਤਾ ਗਿਆ, ਜਿਸ ਵਿੱਚ ਸਮਾਵੇਸ਼ੀ ਅਤੇ ਪਹੁੰਚ ਸੁਨਿਸ਼ਚਿਤ ਹੋਈ।

ਦੂਸਰੇ ਪੜਾਅ ਤਹਿਤ, ਵਿਕਸਿਤ ਭਾਰਤ ਲੇਖ ਪ੍ਰਤਿਯੋਗਿਤਾ ਵਿੱਚ ਪ੍ਰਤੀਭਾਗੀਆਂ ਨੂੰ ਅਹਿਮ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਪੇਸ਼ ਕੀਤੇ ਗਏ ਦੋ ਲੱਖ ਤੋਂ ਵਧ ਲੇਖਾਂ ਵਿੱਚ ਵਿਕਾਸ ਦੇ ਲਈ ਟੈਕਨੋਲੋਜੀ ਦਾ ਲਾਭ ਉਠਾਉਣ, ਟਿਕਾਊ ਵਿਕਾਸ ਨੂੰ ਆਪਣਾਉਣ, ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਅਤੇ ਭਾਰਤ ਨੂੰ ਗਲੋਬਲ ਖੇਡ ਮਹਾਸ਼ਕਤੀ ਬਣਾਉਣ ਜਿਹੇ ਦਸ ਵਿਸ਼ਾਗਤ ਖੇਤਰਾਂ 'ਤੇ ਵਿਚਾਰ ਪੇਸ਼ ਕੀਤੇ ਗਏ। ਮਾਹਿਰ ਪੈਨਲ ਦੁਆਰਾ ਮੁਲਾਂਕਿਤ ਇਨ੍ਹਾਂ ਲੇਖਾਂ ਨੇ ਸਾਡੇ ਨੌਜਵਾਨਾਂ ਦੀ ਰਚਨਾਤਮਕਤਾ, ਵਿਸ਼ਲੇਸ਼ਣਾਤਮਕ ਸੋਚ ਅਤੇ ਮੌਲਿਕਤਾ ਬਾਰੇ ਡੂੰਘੀ ਜਾਣਕਾਰੀ ਪ੍ਰਦਾਨ ਕੀਤੀ। ਅਖੀਰਲੇ ਪੜਾਅ ਦੇ ਅਧੀਨ, ਵਿਕਸਿਤ ਭਾਰਤ ਵਿਜ਼ਨ ਡੇਕ ਪ੍ਰਤਿਯੋਗਿਤਾ ਵਿੱਚ ਟੌਪ ਪ੍ਰਤੀਭਾਗੀ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਸ਼ਾਮਲ ਹੋਏ। ਇੱਥੇ, ਯੁਵਾ ਨੇਤਾਵਾਂ ਨੇ ਖੇਤਰ (ਡੋਮੇਨ) ਮਾਹਿਰਾਂ ਅਤੇ ਲੀਡਰਸ਼ਿਪ ਮਾਡਰੇਟਰਾਂ ਦੇ ਪੈਨਲ ਦੇ ਸਾਹਮਣੇ ਨਵੀਨਤਾਕਾਰੀ ਵਿਚਾਰ ਪੇਸ਼ ਕੀਤੇ। ਇਸ ਪੜਾਅ ਵਿੱਚ ਜ਼ਮੀਨੀ ਪੱਧਰ ਦੇ ਦ੍ਰਿਸ਼ਟੀਕੋਣ ਅਤੇ ਖੇਤਰੀ ਵਿਭਿੰਨਤਾ 'ਤੇ ਜ਼ੋਰ ਦਿੱਤਾ ਗਿਆ, ਜਿਸ ਨਾਲ ਯੁਵਾ ਭਾਰਤੀਆਂ ਦੀ ਸਥਾਨਕ ਤੌਰ 'ਤੇ ਕੰਮ ਕਰਦੇ ਹੋਏ ਗਲੋਬਲ ਪੱਧਰ 'ਤੇ ਸੋਚਣ ਦੀ ਸਮਰੱਥਾ ਦਾ ਪ੍ਰਦਰਸ਼ਨ ਹੋਇਆ।

ਇਨ੍ਹਾਂ ਪੜਾਵਾਂ ਰਾਹੀਂ ਪੂਰੀ ਹੋਈ ਯਾਤਰਾ ਨੂੰ ਮਜ਼ਬੂਤ ਅਤੇ ਦ੍ਰਿੜ ਸੰਕਲਪ ਦੀ ਪ੍ਰੇਰਣਾਦਾਇਕ ਕਹਾਣੀਆਂ ਨਾਲ ਰੇਖਾਂਕਿਤ ਕੀਤਾ ਜਾ ਸਕਦਾ ਹੈ। ਉੱਤਰ-ਪੂਰਬ ਦੀਆਂ ਪਹਾੜੀਆਂ ਅਤੇ ਰਾਜਸਥਾਨ ਅਤੇ ਗੁਜਰਾਤ ਦੇ ਪਿੰਡਾਂ ਤੋਂ ਲੈ ਕੇ ਤਮਿਲ ਨਾਡੂ ਦੇ ਤੱਟਵਰਤੀ ਸ਼ਹਿਰਾਂ ਤੱਕ, ਅਸੀਂ ਯੁਵਾ ਨੇਤਾਵਾਂ ਨੂੰ ਸਮਾਜਿਕ ਰੁਕਾਵਟਾਂ, ਲੌਜਿਸਟਿਕਲ ਚੁਣੌਤੀਆਂ ਅਤੇ ਨਿਜੀ ਮੁਸ਼ਕਲਾਂ ਨੂੰ ਪਾਰ ਕਰਦੇ ਹੋਏ ਵਿਕਸਿਤ ਭਾਰਤ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੇ ਦੇਖਿਆ-ਇੱਕ ਅਜਿਹਾ ਭਾਰਤ,ਜਿਸਦੀ ਉਹ ਕਲਪਨਾ ਕਰਦੇ ਹਨ।

ਸ਼ਾਨਦਾਰ ਸੰਵਾਦ: ਇੱਕ ਇਤਿਹਾਸਿਕ ਸਮਾਗਮ

ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ 10 ਜਨਵਰੀ, 2025 ਨੂੰ ਅਧਿਕਾਰਿਤ ਤੌਰ 'ਤੇ ਭਾਰਤ ਮੰਡਪਮ, ਨਵੀਂ ਦਿੱਲੀ ਵਿੱਚ ਸ਼ੁਰੂ ਹੋਵੇਗਾ, ਜਿਸ ਵਿੱਚ 3,000 ਪ੍ਰਤੀਭਾਗੀ ਇੱਕ ਇਤਿਹਾਸਕ ਸਮਾਗਮ ਵਿੱਚ ਸ਼ਾਮਲ ਹੋਣਗੇ। ਇਸ ਸਮਾਗਮ ਵਿੱਚ ਵਿਕਸਿਤ ਭਾਰਤ ਚੈਲੇਂਜ ਟ੍ਰੈਕ ਤੋਂ 1,500 ਪ੍ਰਤੀਭਾਗੀ ਸ਼ਾਮਲ ਹੋਣਗੇ, ਜੋ ਰਾਜ ਚੈਂਪੀਅਨਸ਼ਿਪ ਦੀਆਂ ਟੌਪ 500 ਟੀਮਾਂ ਦਾ ਪ੍ਰਤੀਨਿਧੀਤਵ ਕਰਨਗੇ, ਪਰੰਪਰਾਗਤ ਟ੍ਰੈਕ ਨਾਲ 1,000 ਪ੍ਰਤੀਭਾਗੀ ਹਿੱਸਾ ਲੈਣਗੇ, ਜੋ ਰਾਜ ਪੱਧਰੀ ਯੁਵਾ ਮਹੋਤਸਵਾਂ ਤੋਂ ਚੁਣੇ ਗਏ ਪ੍ਰਦਰਸ਼ਨਾਂ ਰਾਹੀਂ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਨਗੇ ਅਤੇ 500 ਪਥਪ੍ਰਦਰਸ਼ਕ ਸ਼ਾਮਲ ਹੋਣਗੇ, ਜੋ ਥੀਮੈਟਿਕ ਟ੍ਰੈਕਾਂ 'ਤੇ ਆਪਣੇ ਸ਼ਾਨਦਾਰ ਯੋਗਦਾਨ ਲਈ ਚੁਣੇ ਗਏ ਹਨ।

ਪ੍ਰਤੀਭਾਗੀ ਸੱਭਿਆਚਾਰਕ ਅਤੇ ਵਿਸ਼ਾਗਤ ਪੇਸ਼ਕਾਰੀਆਂ, ਪ੍ਰਤੀਯੋਗਿਤਾਵਾਂ ਅਤੇ ਪ੍ਰਧਾਨ ਮੰਤਰੀ ਮਿਊਜ਼ੀਅਮ ਅਤੇ ਰਾਸ਼ਟਰੀ ਯੁੱਧ ਸਮਾਰਕ ਜਿਹੇ ਪ੍ਰਤਿਸ਼ਠਿਤ ਸਥਲਾਂ ਦੀ ਯਾਤਰਾ ਵਿੱਚ ਹਿੱਸਾ ਲੈਣਗੇ। ਵਿਭਿੰਨ ਕੇਂਦਰੀ ਮੰਤਰੀਆਂ ਅਤੇ ਸਾਂਸਦਾਂ ਦੇ ਨਾਲ ਇੱਕ ਵਿਸ਼ੇਸ਼ ਰਾਤ ਦੇ ਭੋਜਨ, ਗ਼ੈਰ-ਰਸਮੀ ਗੱਲਬਾਤ ਲਈ ਇੱਕ ਦੁਰਲੱਭ ਮੰਚ ਪ੍ਰਦਾਨ ਕਰੇਗਾ, ਜੋ ਨੌਜਵਾਨਾਂ ਦੀਆਂ ਅਕਾਂਖਿਆਵਾਂ ਨੂੰ ਨੀਤੀ ਨਿਰਮਾਣ ਅੰਤਰਦ੍ਰਿਸ਼ਟੀ ਨਾਲ ਜੋੜੇਗਾ। 11 ਜਨਵਰੀ ਨੂੰ ਇੱਕ ਸ਼ਾਨਦਾਰ ਉਦਘਾਟਨ ਸੈਸ਼ਨ ਦੇ ਨਾਲ ਸੰਵਾਦ ਦੀ ਸ਼ੁਰੂਆਤ ਹੋਵੇਗੀ, ਜਿਸ ਵਿੱਚ ਰਾਸ਼ਟਰੀ ਪ੍ਰਤੀਕ, ਵਿਚਾਰਕ ਨੇਤਾ ਅਤੇ ਇਨੋਵੇਟਰਸ ਹਿੱਸਾ ਲੈਣਗੇ। ਇਹ ਉੱਚ -ਪੱਧਰੀ ਚਰਚਾ ਦਸ ਮਹੱਤਵਪੂਰਨ ਵਿਸ਼ਿਆਂ 'ਤੇ ਵਿਸ਼ਾਗਤ ਵਿਚਾਰ-ਵਟਾਂਦਰੇ ਲਈ ਮੰਚ ਤਿਆਰ ਕਰੇਗੀ, ਜਿਸ ਦੀ ਅਗਵਾਈ ਸਲਾਹਕਾਰ ਅਤੇ ਖੇਤਰ (ਡੋਮੇਨ) ਮਾਹਰ ਕਰਨਗੇ।

ਸੱਭਿਆਚਾਰਕ ਪ੍ਰੋਗਰਾਮ, ਵਿਕਸਿਤ ਭਾਰਤ ਕੇ ਰੰਗ ਦੇ ਨਾਲ ਸੰਧਿਆ ਬੇਲਾ ਜੀਵੰਤ ਹੋ ਉਠੇਗੀ, ਜਿਸ ਵਿੱਚ ਭਾਰਤ ਦੀ ਕਲਾਤਮਕ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਇਹ ਸਾਡੇ ਨੌਜਵਾਨਾਂ ਦੀ ਅਸੀਮ ਅਸਮਰੱਥਾ ਦਾ ਵੀ ਪ੍ਰਤੀਕ ਹੋਵੇਗਾ। ਇਹ ਦਿਨ ਬੌਧਿਕ ਵਿਚਾਰ ਵਟਾਂਦਰੇ ਅਤੇ ਸੱਭਿਆਚਾਰਕ ਉਤਸਵ ਦਰਮਿਆਨ ਇੱਕ ਆਦਰਸ਼ ਸੰਤੁਲਨ ਬਣਾਉਂਦਾ ਹੈ, ਜੋ ਪ੍ਰਤੀਭਾਗੀਆਂ ਨੂੰ ਵੱਡੇ ਸੁਪਨੇ ਦਿਖਾਉਣ ਅਤੇ ਨਿਰਣਾਇਕ ਤੌਰ 'ਤੇ ਕੰਮ ਕਰਨ ਲਈ ਪ੍ਰੇਰਿਤ ਕਰੇਗਾ।

ਰਾਸ਼ਟਰੀ ਯੁਵਾ ਦਿਵਸ : ਵਿਕਸਿਤ ਭਾਰਤ ਲਈ ਇੱਕ ਵਿਜ਼ਨ

ਸਵਾਮੀ ਵਿਵੇਕਾਨੰਦ ਦੀ ਜਯੰਤੀ ਅਤੇ ਯੁਵਾ ਸਸ਼ਕਤੀਕਰਣ ਦੀ ਉਨ੍ਹਾਂ ਦੀ ਚਿਰਸਥਾਈ ਵਿਰਾਸਤ ਦਾ ਸਨਮਾਨ ਕਰਨ ਲਈ 12 ਜਨਵਰੀ ਨੂੰ ਰਾਸ਼ਟਰੀ ਯੁਵਾ ਦਿਸਵ ਵਜੋਂ ਮਨਾਇਆ ਜਾਂਦਾ ਹੈ। ਇਹ ਆਯੋਜਨ ਦਾ ਅੰਤਿਮ ਦਿਨ ਹੋਵੇਗਾ, ਜੋ ਹਰੇਕ ਪ੍ਰਤੀਭਾਗੀ ਲਈ ਇੱਕ ਨਿਰਣਾਇਕ ਪਲ ਸਾਬਤ ਹੋਵੇਗਾ। ਵਿਸ਼ਾਗਤ ਟ੍ਰੈਕ ਨਾਲ ਟੌਪ ਦਸ ਵਿਚਾਰ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਸਾਹਮਣੇ ਪੇਸ਼ ਕੀਤੇ ਜਾਣਗੇ, ਜੋ ਇਨੋਵੇਟਿਵ ਯੂਥ ਨੂੰ ਅੱਗੇ ਵਧਣ ਲਈ ਇੱਕ ਪ੍ਰੇਰਕ ਮੰਚ ਪ੍ਰਦਾਨ ਕਰੇਗਾ।

ਇਹ ਸੰਵਾਦ ਸ਼ਾਸਨ ਅਤੇ ਫੈਸਲੇ ਲੈਣ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਨ ਲਈ ਭਾਰਤ ਦੀ ਪ੍ਰਤੀਬੱਧਤਾ 'ਤੇ ਜ਼ੋਰ ਦਿੰਦਾ ਹੈ। ਇਸ ਤੋਂ ਬਾਅਦ, ਪ੍ਰਤੀਭਾਗੀਆਂ ਨੂੰ ਮਾਣਯੋਗ ਪ੍ਰਧਾਨ ਮੰਤਰੀ ਅਤੇ ਹੋਰ ਪ੍ਰਤਿਸ਼ਠਿਤ ਨੇਤਾਵਾਂ ਨਾਲ ਦੁਪਹਿਰ ਦੇ ਭੋਜਨ 'ਤੇ ਗੱਲਬਾਤ ਕਰਨ ਦਾ ਅਵਸਰ ਮਿਲੇਗਾ। ਇਸ ਨਾਲ ਸਾਰਥਕ ਗੱਲਬਾਤ ਨੂੰ ਹੁਲਾਰਾ ਮਿਲੇਗਾ, ਨੌਜਵਾਨਾਂ ਨੂੰ ਯਾਦਗਾਰ ਪਲਾਂ ਨੂੰ ਸੰਜੋਣ ਦਾ ਮੌਕਾ ਮਿਲੇਗਾ ਅਤੇ ਉਨ੍ਹਾਂ ਵਿੱਚ ਸਸ਼ਕਤੀਕਰਣ ਦੀ ਭਾਵਨਾ ਦਾ ਵਿਕਾਸ ਹੋਵੇਗਾ।

ਇਸ ਦਿਨ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਇੱਕ ਸ਼ਾਨਦਾਰ ਪੂਰਨ ਸੈਸ਼ਨ ਦਾ ਵੀ ਆਯੋਜਨ ਹੋਵੇਗਾ। ਇਹ ਸੈਸ਼ਨ ਵਿਕਸਿਤ ਭਾਰਤ ਨੂੰ ਆਕਾਰ ਦੇਣ ਵਿੱਚ ਭਾਰਤ ਦੇ ਨੌਜਵਾਨਾਂ ਦੀ ਪਰਿਵਰਤਨਕਾਰੀ ਸਮਰੱਥਾ ਨੂੰ ਮਜ਼ਬੂਤ ਕਰੇਗਾ। ਇਸ ਸੈਸ਼ਨ ਜ਼ਰੀਏ ਪ੍ਰਤੀਭਾਗੀਆਂ ਨੂੰ ਵੱਡੇ ਸੁਪਨੇ ਉਤਪ੍ਰੇਰਕ ਵਜੋਂ ਕੰਮ ਕਰਨ ਲਈ ਸਸ਼ਕਤ ਅਤੇ ਪ੍ਰੇਰਿਤ ਕੀਤਾ ਜਾਵੇਗਾ।

ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ ਆਪਣੇ ਪੈਮਾਨੇ, ਸਮਾਵੇਸ਼ਿਤਾ ਅਤੇ ਪ੍ਰਭਾਵ ਨੂੰ ਦਰਸਾਉਂਦਾ ਹੈ। ਇਸ ਦੀ ਪਾਰਦਰਸ਼ੀ ਚੋਣ ਪ੍ਰਕਿਰਿਆ ਤੋਂ ਲੈ ਕੇ ਕਾਰਵਾਈ ਯੋਗ ਵਿਚਾਰਾਂ 'ਤੇ ਇਸ ਦੇ ਵਿਸ਼ੇਸ਼ ਧਿਆਨ ਤੱਕ, ਇਹ ਪਹਿਲ ਯੁਵਾ ਸਸ਼ਕਤੀਕਰਣ ਲਈ ਸਾਡੀ ਸਰਕਾਰ ਦੀ ਪ੍ਰਤੀਬੱਧਤਾ ਦੀ ਉਦਾਹਰਣ ਪੇਸ਼ ਕਰਦੀ ਹੈ। ਇਨੋਵੇਟਿਵ ਵਿਚਾਰਾਂ ਲਈ ਇੱਕ ਮੰਚ ਪ੍ਰਦਾਨ ਕਰਨ ਅਤੇ ਰਾਸ਼ਟਰੀ ਅਤੇ ਆਲਮੀ ਪੱਧਰ ਦੇ ਮੋਹਰੀ ਵਿਅਕਤੀਆਂ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਲ ਸਿੱਧੇ ਸੰਵਾਦ ਕਰਨ ਦੇ ਜ਼ਰੀਏ ਇਹ ਸੰਵਾਦ ਪ੍ਰੋਗਰਾਮ ਸ਼ਾਸਨ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਲਈ ਇੱਕ ਨਵਾਂ ਮਾਪਦੰਡ ਸਥਾਪਿਤ ਕਰਦਾ ਹੈ।

ਸ਼੍ਰੀ ਰਾਮ ਲਲਾ ਜੀ ਦੀ ਪ੍ਰਾਣ ਪ੍ਰਤਿਸ਼ਠਾ ਦੀ ਵਰ੍ਹੇਗੰਢ ਮੌਕੇ ਸ਼੍ਰੀ ਸੁੰਦਰਕਾਂਡ ਜੀ ਦਾ ਪਾਠ ਕਰਵਾਇਆ

ਸੁਨਾਮ, 29 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸ਼੍ਰੀ ਰਾਮ ਆਸ਼ਰਮ ਮੰਦਿਰ ਵਿਖੇ ਸਿਟੀ ਮੀਡੀਆ ਪ੍ਰੈਸ ਕਲੱਬ ਅਤੇ ਸ਼੍ਰੀ ਰਾਮ ਆਸ਼ਰਮ ਮੰਦਿਰ ਪ੍ਰਬੰਧਕ ਕਮੇਟੀ ਨੇ ਸ਼੍ਰੀ ਰਾਮ ਲਲਾ ਜੀ ਦੀ ਪ੍ਰਾਣ ਪ੍ਰਤਿਸ਼ਠਾ ਦੀ ਵਰ੍ਹੇਗੰਢ ਮੌਕੇ ਸ਼੍ਰੀ ਸੁੰਦਰਕਾਂਡ ਜੀ ਦਾ ਪਾਠ ਸ਼ਰਧਾਪੂਰਵਕ ਕਰਵਾਇਆ ਗਿਆ ਜਿਸ ਦੌਰਾਨ ਭਾਜਪਾ ਦੀ ਸੂਬਾ ਸਕੱਤਰ ਦਾਮਨ ਥਿੰਦ ਬਾਜਵਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਜਿੰਦਰ ਦੀਪਾ, ਸਮਾਜ ਸੇਵਕ ਗੋਪਾਲ ਸ਼ਰਮਾ ਅਤੇ ਕੌਂਸਲਰ ਦੀਪਿਕਾ ਗੋਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਸੰਸਥਾਵਾਂ ਦੇ ਪ੍ਰਧਾਨ ਤਰੁਣ ਬਾਂਸਲ ਨੇ ਕਿਹਾ ਕਿ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ ਨੂੰ ਬਣੇ ਇੱਕ ਸਾਲ ਪੂਰਾ ਹੋ ਗਿਆ ਹੈ ਅਤੇ ਪਿਛਲੇ ਸਾਲ 22 ਜਨਵਰੀ 2024 ਨੂੰ ਮੰਦਰ ਦੇ ਗਰਭ ਗ੍ਰਹਿ ਵਿੱਚ ਸ਼੍ਰੀ ਰਾਮ ਜੀ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ ਸੀ ਅਤੇ ਇਸ ਮੌਕੇ 'ਤੇ ਅੱਜ ਦੋਵੇਂ ਸੰਸਥਾਵਾਂ ਵੱਲੋਂ ਸਾਮੂਹਿਕ ਤੌਰ ਤੇ ਸ਼੍ਰੀ ਸੁੰਦਰਕਾਂਡ ਜੀ ਦਾ ਪਾਠ ਕੀਤਾ ਗਿਆ ਹੈ, ਜਿਸ ਦੌਰਾਨ ਮਹਿਲਾ ਸੰਕੀਰਤਨ ਮੰਡਲੀ ਅਤੇ ਭਜਨ ਗਾਇਕ ਮੋਹਿਤ ਗਰਗ ਨੇ ਸ਼੍ਰੀ ਰਾਮ ਜੀ ਦੇ ਭਜਨਾਂ ਦੀ ਅੰਮ੍ਰਿਤ ਵਰਖਾ ਕੀਤੀ।

ਬਾਂਸਲ ਨੇ ਪ੍ਰੋਗਰਾਮ ਦੌਰਾਨ ਸ਼੍ਰੀ ਰਾਮ ਜੀ ਦੀ ਮਹਿਮਾ ਬਾਰੇ ਚਾਨਣਾ ਪਾਇਆ ਅਤੇ ਸ਼ਾਮਲ ਹੋਏ ਸ਼ਰਧਾਲੂਆਂ ਅਤੇ ਮਹਿਮਾਨਾਂ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਪ੍ਰਗਟ ਕੀਤਾ।

ਇਸ ਸਮੇਂ ਭਾਜਪਾ ਦੀ ਸੂਬਾ ਸਕੱਤਰ ਦਾਮਨ ਥਿੰਦ ਬਾਜਵਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਜਿੰਦਰ ਦੀਪਾ, ਸਮਾਜ ਸੇਵਕ ਗੋਪਾਲ ਸ਼ਰਮਾ ਨੇ ਹਾਜ਼ਰੀਨ ਸ਼ਰਧਾਲੂਆਂ ਨੂੰ ਸ਼੍ਰੀ ਰਾਮ ਜੀ ਦੀ ਪ੍ਰਾਣ ਪਤਿਸ਼ਠਾ ਦੀ ਵਰੇਗੰਢ ਦੀ ਵਧਾਈ ਦਿੱਤੀ। ਇਸ ਮੌਕੇ ਕ੍ਰਿਸ਼ਨ ਸੰਦੋਹਾ, ਆਰ.ਐਨ. ਕਾਂਸਲ, ਭਗਵੰਤ ਸਿੰਘ ਚੰਦ੍ਰੜ, ਵਿਕਰਮ ਸ਼ਰਮਾ, ਸ਼ੈਲੀ ਬਾਂਸਲ, ਰਾਜੇਸ਼ ਕੁਮਾਰ, ਰਾਜਿੰਦਰ ਕੁਮਾਰ ਸ਼ਾਹ, ਭਾਜਪਾ ਦੇ ਰਾਜੀਵ ਮੱਖਣ, ਸੁਰੇਸ਼ ਕੁਮਾਰ, ਜਤਿੰਦਰ ਕੁਮਾਰ, ਮਾ. ਜੀਵਨ ਆਦਿ ਸਮੇਤ ਵੱਡੀ ਵਿੱਚ ਔਰਤਾਂ ਵੀ ਮੌਜੂਦ ਸਨ।

ਵਕ਼ਫ ਬਾਰੇ ਸਾਂਝੀ ਸੰਸਦੀ ਕਮੇਟੀ 'ਚੋਂ ਵਿਰੋਧੀ ਧਿਰ ਦੇ ਮੈਂਬਰ ਮੁਅੱਤਲ

ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਕਮੇਟੀ ਦੇ ਚੇਅਰਮੈਨ 'ਤੇ ਲਾਇਆ ਮਨਮਰਜ਼ੀ ਕਰਨ ਦਾ ਦੋਸ਼; ਲੋਕ ਸਭਾ ਸਪੀਕਰ ਨੂੰ ਪੱਤਰ ਲਿਖ ਕੇ ਦਖ਼ਲ ਮੰਗਿਆ

ਨਵੀਂ ਦਿੱਲੀ, 29 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-

ਵਕਫ਼ ਸੋਧ ਬਿੱਲ 'ਤੇ ਵਿਚਾਰ ਕਰ ਰਹੀ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਦੀ ਮੀਟਿੰਗ ਅੱਜ ਹੰਗਾਮਾ ਭਰਪੂਰ ਰਹੀ ਅਤੇ ਵਿਰੋਧੀ ਧਿਰ ਦੇ ਦਸ ਮੈਂਬਰਾਂ ਨੂੰ ਉਨ੍ਹਾਂ ਦੇ ਰਵੱਈਏ ਕਾਰਨ ਕਮੇਟੀ ਤੋ

ਗੁਮਟਾਲਾ ਪੁਲਿਸ ਚੌਕੀ 'ਤੇ ਹਮਲਾ: ਪੰਜਾਬ ਪੁਲਿਸ ਨੇ ਪਾਕਿਸਤਾਨ-ਆਈਐਸਆਈ ਦੀ ਹਮਾਇਤ ਪ੍ਰਾਪਤ ਨਾਰਕੋ ਅੱਤਵਾਦ ਮਾਡਿਊਲ ਦਾ ਕੀਤਾ ਪਰਦਾਫਾਸ਼; ਇੱਕ ਹੈਂਡ ਗ੍ਰਨੇਡ, ਦੋ ਪਿਸਤੌਲਾਂ ਸਮੇਤ ਦੋ ਕਾਬੂ

ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਅਮਰੀਕਾ ਅਧਾਰਿਤ ਹੈਪੀ ਪਾਸੀਅਨ ਅਤੇ ਨਸ਼ਾ ਤਸਕਰ ਸਰਵਣ ਭੋਲਾ ਦੇ ਇਸ਼ਾਰੇ 'ਤੇ ਕਰਦੇ ਸੀ ਕੰਮ: ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੇ ਐਸਐਸਓਸੀ ਅੰਮ੍ਰਿਤਸਰ ਨੇ ਅਮਰੀਕਾ ਅਧਾਰਤ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਅਨ ਅਤੇ ਅਮਰੀਕਾ ਅਧਾਰਤ ਬਦਨਾਮ ਨਸ਼ਾ ਤਸਕਰ ਸਰਵਣ ਭੋਲਾ ਵੱਲੋਂ ਚਲਾਏ ਜਾ ਰਹੇ ਪਾਕਿ-ਆਈਐਸਆਈ ਦੀ ਹਮਾਇਤ ਪ੍ਰਾਪਤ ਨਾਰਕੋ ਅੱਤਵਾਦ ਮਾਡਿਊਲ ਦੇ ਦੋ ਮੈਂਬਰਾਂ, ਜੋ ਅੰਮ੍ਰਿਤਸਰ ਦੀ ਗੁਮਟਾਲਾ ਪੁਲਿਸ ਚੌਕੀ 'ਤੇ ਹੈਂਡ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ, ਨੂੰ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬੱਗਾ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ, ਸਿਰਸਾ, ਹਰਿਆਣਾ ਅਤੇ ਪੁਸ਼ਕਰਨ ਸਿੰਘ ਉਰਫ਼ ਸਾਗਰ ਵਾਸੀ ਅਮਰਕੋਟ, ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਹੈਂਡ ਗ੍ਰਨੇਡ ਅਤੇ ਦੋ ਆਧੁਨਿਕ ਪਿਸਤੌਲਾਂ ਸਮੇਤ ਗੋਲੀ ਸਿੱਕਾ ਵੀ ਬਰਾਮਦ ਕੀਤਾ ਹੈ।

ਜਾਣਕਾਰੀ ਅਨੁਸਾਰ, ਇਸ ਸਾਲ 9 ਜਨਵਰੀ ਨੂੰ ਅੰਮ੍ਰਿਤਸਰ ਕਮਿਸ਼ਨਰੇਟ ਵਿੱਚ ਗੁਮਟਾਲਾ ਪੁਲਿਸ ਚੌਕੀ 'ਤੇ ਕੁਝ ਵਿਅਕਤੀਆਂ ਨੇ ਹੈਂਡ ਗ੍ਰਨੇਡ ਸੁੱਟਿਆ ਸੀ। ਇਸ ਘਟਨਾ ਉਪਰੰਤ ਅੱਤਵਾਦੀ ਸੰਗਠਨ ਬੀਕੇਆਈ ਨੇ ਇਸ ਵਾਰਦਾਤ ਦੀ ਸੋਸ਼ਲ ਮੀਡੀਆ ਪਲੇਟਫਾਰਮ ਜ਼ਰੀਏ ਜ਼ਿੰਮੇਵਾਰੀ ਲਈ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਬੱਗਾ ਸਿੰਘ, ਸਰਵਣ ਭੋਲਾ ਦਾ ਰਿਸ਼ਤੇਦਾਰ ਹੈ, ਜੋ ਕਿ ਨਾਮੀ ਤਸਕਰ ਰਣਜੀਤ ਸਿੰਘ ਉਰਫ਼ ਚੀਤਾ ਦਾ ਭਰਾ ਹੈ ਅਤੇ ਇਸ ਸਮੇਂ 532 ਕਿਲੋ ਹੈਰੋਇਨ ਦੀ ਰਿਕਵਰੀ ਕੇਸ ਵਿੱਚ ਬਠਿੰਡਾ ਜੇਲ੍ਹ ਵਿੱਚ ਬੰਦ ਹੈ। ਜ਼ਿਕਰਯੋਗ ਹੈ ਕਿ ਮੁਲਜ਼ਮ ਸਰਵਣ ਸਿੰਘ ਵੀ 532 ਕਿਲੋ ਹੈਰੋਇਨ ਰਿਕਵਰੀ ਕੇਸ ਵਿੱਚ ਲੋੜੀਂਦਾ ਹੈ ਅਤੇ ਉਸ 'ਤੇ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਵੱਲੋਂ 2 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਦੋਸ਼ੀ ਸਰਵਣ ਭੋਲਾ, ਜੋ ਕਿ ਅਮਰੀਕਾ ਤੋਂ ਨਸ਼ਾ ਤਸਕਰੀ ਦਾ ਨੈੱਟਵਰਕ ਚਲਾ ਰਿਹਾ ਹੈ, ਨੇ ਸਰਹੱਦੀ ਸੂਬੇ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਆਪਣੇ ਰਿਸ਼ਤੇਦਾਰ ਬੱਗਾ ਸਿੰਘ ਅਤੇ ਉਸਦੇ ਸਾਥੀ ਪੁਸ਼ਕਰਨ ਦੀ ਹੈਪੀ ਪਾਸੀਅਨ ਅਤੇ ਹਰਵਿੰਦਰ ਰਿਦਾ ਨਾਲ ਜਾਣ-ਪਛਾਣ ਕਰਵਾਈ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਸਮੁੱਚੇ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਏਆਈਜੀ ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਗੁਮਟਾਲਾ ਪੁਲਿਸ ਚੌਕੀ 'ਤੇ ਹਮਲੇ ਤੋਂ ਬਾਅਦ, ਪੁਲਿਸ ਟੀਮਾਂ ਨੇ ਇੱਕ ਖੁਫੀਆ ਆਪਰੇਸ਼ਨ ਚਲਾਇਆ ਅਤੇ ਹਰਿਆਣਾ ਦੇ ਸਿਰਸਾ ਤੋਂ ਬੱਗਾ ਸਿੰਘ ਅਤੇ ਅੰਮ੍ਰਿਤਸਰ ਖੇਤਰ ਤੋਂ ਪੁਸ਼ਕਰਨ ਸਿੰਘ ਨੂੰ ਵਿਸਫੋਟਕਾਂ ਅਤੇ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋਸ਼ੀ ਵਿਅਕਤੀਆਂ ਦੁਆਰਾ ਕੀਤੇ ਗਏ ਪਿਛਲੇ ਅਪਰਾਧਾਂ ਦਾ ਪਤਾ ਲਗਾਉਣ ਅਤੇ ਇਸ ਮਾਡਿਊਲ ਦੇ ਬਾਕੀ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਹੋਰ ਯਤਨ ਜਾਰੀ ਹਨ।

ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਜੋ ਸਹੀ ਹੈ ਉਹੀ ਕਰਨਗੇ ਪ੍ਰਧਾਨ ਮੰਤਰੀ ਮੋਦੀ: ਟਰੰਪ

ਫਰਵਰੀ ਵਿੱਚ ਦੋਹਾਂ ਆਗੂਆਂ ਦੇ ਮਿਲਣ ਦੀ ਸੰਭਾਵਨਾ

ਵਾਸ਼ਿੰਗਟਨ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ 'ਜੋ ਸਹੀ ਹੈ' ਉਹ ਕਰਨਗੇ ਅਤੇ ਇਸ ਗੱਲ ਨੂੰ ਮੁੱਖ ਰੱਖਦਿਆਂ ਭਾਰਤ ਨਾਲ ਗੱਲਬਾਤ ਚੱਲ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਫਲੋਰਿਡਾ ਤੋਂ ਸੰਯੁਕਤ ਬੇਸ ਐਂਡਰਿਊਜ਼ 'ਤੇ ਵਾਪਸ ਜਾਣ ਸਮੇਂ ਏਅਰ ਫੋਰਸ ਵਨ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਫਰਵਰੀ ਵਿੱਚ ਵ੍ਹਾਈਟ ਹਾਊਸ ਆਉਣ ਦੀ ਸੰਭਾਵਨਾ ਹੈ।

ਵੱਖਰੇ ਤੌਰ 'ਤੇ ਦੋਵਾਂ ਨੇਤਾਵਾਂ ਵਿਚਕਾਰ ਇੱਕ ਫੋਨ ਕਾਲ ਦੇ ਰੀਡਆਉਟ ਵਿੱਚ ਵ੍ਹਾਈਟ ਹਾਊਸ ਨੇ ਕਿਹਾ ਕਿ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਅਤੇ ਨਿਰਪੱਖ ਦੁਵੱਲੇ ਵਪਾਰਕ ਸਬੰਧਾਂ, ਡੂੰਘੇ ਭਾਰਤ-ਅਮਰੀਕਾ ਸਹਿਯੋਗ ਵੱਲ ਕਦਮ ਵਧਾਉਣ ਦੀ ਮੰਗ ਕੀਤੀ। ਸੋਮਵਾਰ ਨੂੰ ਫਲੋਰੀਡਾ ਦੇ ਰਿਟ੍ਰੀਟ 'ਤੇ ਹਾਊਸ ਰਿਪਬਲਿਕਨਾਂ ਨਾਲ ਗੱਲਬਾਤ ਕਰਦੇ ਹੋਏ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕਾ ਉਨ੍ਹਾਂ ਦੇਸ਼ਾਂ 'ਤੇ ਟੈਕਸ ਲਗਾਏਗਾ ਜੋ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦੇ ਹਨ ਕਿਉਂਕਿ ਉਨ੍ਹਾਂ ਨੇ ਚੀਨ, ਭਾਰਤ ਅਤੇ ਬ੍ਰਾਜ਼ੀਲ ਨੂੰ ਉੱਚ ਟੈਕਸ ਵਾਲੇ ਦੇਸ਼ ਕਿਹਾ ਸੀ।

ਵ੍ਹਾਈਟ ਹਾਊਸ ਨੇ ਕਿਹਾ ਕਿ ਆਪਣੀ ਫੋਨ ਕਾਲ ਦੌਰਾਨ ਦੋਵਾਂ ਨੇਤਾਵਾਂ ਨੇ ਮੋਦੀ ਦੇ ਅਮਰੀਕਾ ਦੌਰੇ ਦੀ ਯੋਜਨਾ 'ਤੇ ਵੀ ਚਰਚਾ ਕੀਤੀ। ਏਅਰ ਫੋਰਸ ਵਨ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਹ (ਮੋਦੀ) ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈਣ ਲਈ ਸਹਿਮਤ ਹੋਏ ਸਨ। ਟਰੰਪ ਨੇ ਕਿਹਾ ਉਹ (ਮੋਦੀ) ਉਹੀ ਕਰਨਗੇ ਜੋ ਸਹੀ ਹੈ। ਅਸੀਂ ਚਰਚਾ ਕਰ ਰਹੇ ਹਾਂ।

'ਸਾਂਝਾ ਫਰੰਟ' ਬਣਾਉਣ 'ਚ ਇੰਨੀ ਦੇਰ ਕਿਉਂ: ਡੱਲੇਵਾਲ

ਕਿਸਾਨ ਆਗੂ ਨੇ ਸਰਕਾਰ ਵੱਲੋਂ ਮੰਗਾਂ ਮੰਨੇ ਜਾਣ ਤੱਕ ਭੁੱਖ ਹੜਤਾਲ ਜਾਰੀ ਰੱਖਣ ਦਾ ਅਹਿਦ ਦੁਹਰਾਇਆ; ਦੇਸ਼ ਭਰ ਦੇ ਕਿਸਾਨ ਭਾਈਚਾਰੇ ਨੂੰ 12 ਫਰਵਰੀ ਨੂੰ ਖਨੌਰੀ ਬਾਰਡਰ ਪੁੱਜਣ ਦੀ ਕੀਤੀ ਅਪੀਲ

ਪਟਿਆਲਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਮਰਨ ਵਰਤ ਦੇ 64ਵੇਂ ਦਿਨ ਅੱਜ ਕਿਹਾ ਕਿ ਉਹ ਸਰਕਾਰ ਵੱਲੋਂ ਕਿਸਾਨੀ ਮੰਗਾਂ ਮੰਨੇ ਜਾਣ ਤੱਕ ਭੁੱਖ ਹੜਤਾਲ ਜਾਰੀ ਰੱਖਣਗੇ। ਉਂਝ ਡੱਲੇਵਾਲ ਨੇ ਕਿਸਾਨ ਫੋਰਮਾਂ ਵੱਲੋਂ 'ਸਾਂਝਾ ਫਰੰਟ' ਬਣਾਉਣ 'ਚ ਕੀਤੀ ਜਾ ਰਹੀ ਦੇਰੀ ਉੱਤੇ ਉਜ਼ਰ ਜਤਾਇਆ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਬੈਠਕਾਂ ਕਰਨਾ ਚੰਗਾ ਨਹੀਂ ਹੈ। ਇਹ ਲੋਕਾਂ ਦੀਆਂ ਭਾਵਨਾਵਾਂ ਹਨ ਕਿ 'ਅਸੀਂ ਮਿਲ ਕੇ ਲੜਾਈ ਲੜੀਏ।"

ਖਨੌਰੀ ਬਾਰਡਰ ਉੱਤੇ 4 ਜਨਵਰੀ ਨੂੰ ਕਿਸਾਨ ਮਹਾਂਪੰਚਾਇਤ ਨੂੰ ਸੰਬੋਧਨ ਕਰਨ ਮਗਰੋਂ ਡੱਲੇਵਾਲ ਨੇ ਅੱਜ ਪਹਿਲੀ ਵਾਰ ਮੀਡੀਆ ਦੇ ਰੂਬਰੂ ਹੁੰਦਿਆਂ ਕਿਹਾ ਕਿ ਉਨ੍ਹਾਂ ਸਰਕਾਰ ਵੱਲੋਂ 14 ਫਰਵਰੀ ਲਈ ਦਿੱਤੇ ਗੱਲਬਾਤ ਦੇ ਸੱਦੇ ਮਗਰੋਂ ਸਿਰਫ਼ ਮੈਡੀਕਲ ਏਡ ਲੈਣ ਦੀ ਸਹਿਮਤੀ ਦਿੱਤੀ ਸੀ। ਡੱਲੇਵਾਲ ਨੇ ਕਿਹਾ ਕਿ ਮੌਜੂਦਾ ਸਮੇਂ ਉਨ੍ਹਾਂ ਦੀ ਸਿਹਤ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਚੰਡੀਗੜ੍ਹ ਜਾ ਕੇ ਗੱਲਬਾਤ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੀ। ਕਿਸਾਨ ਆਗੂ ਨੇ ਕਿਹਾ, "ਮੈਂ ਦੇਸ਼ ਭਰ ਦੇ ਕਿਸਾਨ ਭਾਈਚਾਰੇ, ਜੋ ਐਮਐਸਪੀ ਦੀ ਕਾਨੂੰਨੀ ਗਾਰੰਟੀ ਦੇ ਮੁੱਦੇ ਉੱਤੇ ਸਾਡੀ ਹਮਾਇਤ ਕਰ ਰਹੇ ਹਨ, ਨੂੰ ਅਪੀਲ ਕਰਦਾ ਹਾਂ ਕਿ ਉਹ 12 ਫਰਵਰੀ ਨੂੰ ਖਨੌਰੀ ਬਾਰਡਰ

ਉੱਤੇ ਪਹੁੰਚਣ, ਕਿਉਂਕਿ ਉਸ ਦਿਨ ਸਾਡੇ ਅੰਦੋਲਨ ਨੂੰ ਇਕ ਸਾਲ ਪੂਰਾ ਹੋ ਜਾਵੇਗਾ। ਮੈਂ ਆਸ ਕਰਦਾ ਹਾਂ ਕਿ ਖਨੌਰੀ ਬਾਰਡਰ ਉੱਤੇ ਵੱਡਾ ਇਕੱਠ ਮੈਨੂੰ ਨਵੀਂ ਊਰਜਾ ਦੇਵੇਗਾ ਤੇ ਮੈਨੂੰ ਕੇਂਦਰ ਸਰਕਾਰ ਦੇ ਵਫ਼ਦ ਨਾਲ ਹੋਣ ਵਾਲੀ ਗੱਲਬਾਤ ਵਿਚ ਸਰੀਰਕ ਤੌਰ 'ਤੇ ਮੌਜੂਦ ਰਹਿਣ ਦੀ ਤਾਕਤ ਬਖ਼ਸ਼ੇਗਾ।" ਉਨ੍ਹਾਂ ਕਿਹਾ ਕਿ ਫੋਰਮ ਵੱਲੋਂ ਮੋਰਚੇ ਦੀ ਸਫ਼ਲਤਾ ਲਈ ਅਖੰਡ ਪਾਠ ਰੱਖਿਆ ਜਾ ਰਿਹਾ ਹੈ। ਡੱਲੇਵਾਲ ਨੇ ਕਿਹਾ ਕਿ ਮੋਗਾ ਵਿਚ ਕਿਸਾਨ ਮਹਾਪੰਚਾਇਤ ਤੋਂ ਬਾਅਦ ਐਸਕੇਐਮ (ਆਲ-ਇੰਡੀਆ) ਦੇ ਆਗੂ 'ਏਕੇ' ਦੇ ਮਤੇ ਨਾਲ ਖਨੌਰੀ ਆਏ ਸਨ। ਕਿਸਾਨ ਆਗੂ ਨੇ ਕਿਹਾ, "ਜੇ ਮਤਾ ਪਾਸ ਹੋਇਆ ਸੀ ਤੇ ਲੋਕਾਂ ਨੇ ਇਸ ਦੀ ਹਮਾਇਤ ਕੀਤੀ ਸੀ, ਹੁਣ ਫਿਰ ਇਸ ਵਿਚ ਕੀ ਅੜਿੱਕਾ ਹੈ। ਅਸੀਂ ਐਮਐਸਪੀ ਦੀ ਮੰਗ ਕਰ ਰਹੇ ਹਾਂ ਤੇ ਅਸੀਂ ਜਿੱਤ ਵੱਲ ਵਧ ਰਹੇ ਹਾਂ। ਮੈਨੂੰ ਨਹੀਂ ਪਤਾ ਕਿ ਸਾਂਝਾ ਫਰੰਟ ਬਣਾਉਣ ਵਿਚ ਇੰਨਾ ਸਮਾਂ ਕਿਉਂ ਲੱਗ ਰਿਹਾ ਹੈ। ਬੈਠਕਾਂ ਦੇ ਕਈ ਦੌਰ ਹੋ ਚੁੱਕੇ ਹਨ। ਮੈਂ ਇਨ੍ਹਾਂ ਬੈਠਕਾਂ ਵਿਚ ਨਹੀਂ ਗਿਆ, ਇਸ ਲਈ ਮੈਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ।" ਡੱਲੇਵਾਲ ਨੇ ਕਿਹਾ, "ਐਸਕੇਐਮ (ਆਲ ਇੰਡੀਆ) ਦੇ ਆਗੂਆਂ ਨਾਲ ਗੱਲਬਾਤ ਕਰਨ ਵਾਲੇ ਵਫ਼ਦ ਨੇ ਵੀ ਮੈਨੂੰ ਕੁਝ ਨਹੀਂ ਦੱਸਿਆ। ਵਾਰ ਵਾਰ ਬੈਠਕਾਂ ਕਰਨਾ ਚੰਗਾ ਨਹੀਂ ਹੈ। ਇਹ ਲੋਕਾਂ ਦੀਆਂ ਭਾਵਨਾਵਾਂ ਹਨ ਕਿ ਅਸੀਂ ਮਿਲ ਕੇ ਲੜਾਈ ਲੜੀਏ।"

ਰਾਸ਼ਟਰਪਤੀ ਦੇ ਸੰਬੋਧਨ ਨਾਲ 31 ਜਨਵਰੀ ਨੂੰ ਹੋਵੇਗੀ ਬਜਟ ਇਜਲਾਸ ਦੀ ਸ਼ੁਰੂਆਤ

ਨਵੀਂ ਦਿੱਲੀ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ 31 ਜਨਵਰੀ ਨੂੰ ਲੋਕ ਸਭਾ ਤੇ ਰਾਜ ਸਭਾ ਦੇ ਸਾਂਝੇ ਸੰਬੋਧਨ ਨਾਲ ਬਜਟ ਇਜਲਾਸ ਦੀ ਸ਼ੁਰੂਆਤ ਹੋਵੇਗੀ। ਰਾਸ਼ਟਰਪਤੀ ਮੁਰਮੂ ਸ਼ੁੱਕਰਵਾਰ ਨੂੰ ਲੋਕ ਸਭਾ ਚੈਂਬਰ ਵਿੱਚ ਇਕੱਠੇ ਹੋਏ ਸੰਸਦ ਦੇ ਦੋਵੇਂ ਸਦਨਾਂ ਨੂੰ ਸੰਬੋਧਨ ਕਰਨਗੇ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸ਼ਨਿੱਚਰਵਾਰ ਨੂੰ ਆਮ ਬਜਟ ਪੇਸ਼ ਕਰਨਗੇ। ਵਿੱਤ ਮੰਤਰੀ ਸ਼ੁੱਕਰਵਾਰ ਨੂੰ ਆਰਥਿਕ ਸਰਵੇਖਣ ਵੀ ਪੇਸ਼ ਕਰਨਗੇ। ਲੋਕ ਸਭਾ ਨੇ ਅਸਥਾਈ ਤੌਰ 'ਤੇ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੇ ਪ੍ਰਸਤਾਵ 'ਤੇ ਚਰਚਾ ਲਈ ਦੋ ਦਿਨ (3-4 ਫਰਵਰੀ) ਨਿਰਧਾਰਤ ਕੀਤੇ

ਹਨ, ਜਦੋਂ ਕਿ ਰਾਜ ਸਭਾ ਨੇ ਬਹਿਸ ਲਈ ਤਿੰਨ ਦਿਨ ਨਿਰਧਾਰਤ ਕੀਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਫਰਵਰੀ ਨੂੰ ਰਾਜ ਸਭਾ ਵਿੱਚ ਬਹਿਸ ਦਾ ਜਵਾਬ ਦੇਣਗੇ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਬਜਟ ਸੈਸ਼ਨ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ 30 ਜਨਵਰੀ ਨੂੰ ਸੰਸਦ ਵਿੱਚ ਸਿਆਸੀ ਪਾਰਟੀਆਂ ਦੇ ਫਲੋਰ ਆਗੂਆਂ ਦੀ ਸਰਬ ਪਾਰਟੀ ਬੈਠਕ ਸੱਦੀ ਹੈ। ਬਜਟ ਸੈਸ਼ਨ ਦੇ ਪਹਿਲੇ ਹਿੱਸੇ ਵਿੱਚ 31 ਜਨਵਰੀ ਤੋਂ 13 ਫਰਵਰੀ ਤੱਕ ਨੌ ਬੈਠਕਾਂ ਹੋਣਗੀਆਂ। ਉਪਰੰਤ 13 ਫਰਵਰੀ ਨੂੰ ਬਜਟ ਤਜਵੀਜ਼ਾਂ ਦੀ ਜਾਂਚ ਲਈ ਸੰਸਦ ਛੁੱਟੀ ਕਰੇਗੀ ਅਤੇ ਵੱਖ-ਵੱਖ ਮੰਤਰਾਲਿਆਂ ਦੀਆਂ ਗ੍ਰਾਂਟਾਂ ਦੀਆਂ ਮੰਗਾਂ 'ਤੇ ਚਰਚਾ ਕਰਨ ਅਤੇ ਬਜਟ ਪ੍ਰਕਿਰਿਆ ਨੂੰ ਪੂਰਾ ਕਰਨ ਲਈ 10 ਮਾਰਚ ਤੋਂ ਦੁਬਾਰਾ ਬੈਠਕ ਹੋਵੇਗੀ। ਬਜਟ ਸੈਸ਼ਨ 4 ਅਪਰੈਲ ਨੂੰ ਸਮਾਪਤ ਹੋਵੇਗਾ। ਪੂਰੇ ਬਜਟ ਸੈਸ਼ਨ ਦੌਰਾਨ 27 ਬੈਠਕਾਂ ਹੋਣਗੀਆਂ।

ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਵੱਲੋਂ ਪਤੰਗ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ

ਪਾਤੜਾਂ/ਪਟਿਆਲਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਨੇ ਅੱਜ ਪਾਤੜਾਂ ਸ਼ਹਿਰ ਵਿੱਚ ਪਤੰਗ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ। ਪੁਲੀਸ ਅਤੇ ਨਗਰ ਕੌਂਸਲ ਪਾਤੜਾਂ ਦੀ ਟੀਮ ਨੂੰ ਨਾਲ ਲੈ ਕੇ ਐਸ.ਡੀ.ਐਮ. ਪਾਤੜਾਂ ਨੇ ਸ਼ਹਿਰ ਦੀਆਂ ਪੰਜ ਦੁਕਾਨਾਂ ਦੀ ਚੈਕਿੰਗ ਕਰਕੇ ਚਾਈਨਾ ਡੋਰ ਦੀ ਜਾਂਚ ਕੀਤੀ, ਪਰ ਕਿਸੇ ਵੀ ਦੁਕਾਨ 'ਤੇ ਚਾਈਨਾ ਡੋਰ ਨਹੀਂ ਮਿਲੀ।

ਐਸ.ਡੀ.ਐਮ. ਅਸ਼ੋਕ ਕੁਮਾਰ ਨੇ ਸਾਰੇ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਵੱਲੋਂ ਚਾਈਨਾ ਡੋਰ ਵੇਚਣ ਤੇ ਭੰਡਾਰਨ 'ਤੇ ਰੋਕ ਸਬੰਧੀ ਜਾਰੀ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਨਾਲ ਕਈ ਅਣ ਸੁਖਾਵੀਆਂ ਦੁਰਘਟਨਾਵਾਂ ਹੋਈਆਂ ਹਨ, ਜਿਨ੍ਹਾਂ ਵਿੱਚ ਗਲੇ ਵਿੱਚ ਡੋਰ ਫਸਣ ਕਾਰਨ ਜਾਨ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ ਅਤੇ ਸੈਂਕੜਿਆਂ ਪਸ਼ੂ-ਪੱਛੀ ਵੀ ਇਸ ਨਾਲ ਪ੍ਰਭਾਵਿਤ ਹੋ ਰਹੇ ਹਨ।

☆ ਐਸ.ਡੀ.

ਫਲਾਂ ਅਤੇ ਸਬਜ਼ੀਆਂ ਦੀ ਕਟਾਈ ਤੋਂ ਬਾਅਦ ਦੇਖਭਾਲ ਅਤੇ ਸਟੋਰੇਜ ਦੇ ਤਰੀਕਿਆਂ ਬਾਰੇ ਸਿਖਲਾਈ ਪ੍ਰੋਗਰਾਮ ਸਮਾਪਤ

ਅਬੋਹਰ , 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਨਚੀਕੇਤ ਕੋਤਵਾਲੀਵਾਲੇ ਡਾਇਰੈਕਟਰ ਆਈ ਸੀ ਏ ਆਰ ਸਿਫੇਟ , ਲੁਧਿਆਣਾ ਦੇ ਮਾਰਗਦਰਸ਼ਨ ਹੇਠ ਡਾ. ਅਮਿਤ ਨਾਥ ਮੁਖੀ ਖੇਤਰੀ ਕੇਂਦਰ ਸਿਫੇਟ ਅਬੋਹਰ ਨੋਡਲ ਅਫ਼ਸਰ ਅਨੁਸੂਚਿਤ ਜਾਤੀ ਉਪ ਪ੍ਰੋਜੈਕਟ ਦੀ ਅਗਵਾਈ ਹੇਠ 23 ਤੋਂ 24 ਜਨਵਰੀ 2025 ਤੱਕ ਫਲਾਂ ਅਤੇ ਸਬਜ਼ੀਆਂ ਦੀ ਵਾਢੀ ਤੋਂ ਬਾਅਦ ਦੇਖਭਾਲ ਅਤੇ ਪ੍ਰਬੰਧਨ ਤਰੀਕਿਆਂ ਬਾਰੇ ਦੋ ਦਿਨਾਂ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਅਰਵਿੰਦ ਕੁਮਾਰ ਅਹਲਾਵਤ, ਮੁਖੀ, ਕੇ ਵੀ ਕੇ ਸਿਫੇਟ ਅਬੋਹਰ ਸਨ ਅਤੇ ਸਹਿ ਕੋਆਰਡੀਨੇਟਰ ਡਾ. ਮਹੇਸ਼ ਕੁਮਾਰ ਸਮੋਤਾ, ਵਿਗਿਆਨੀ ਅਤੇ ਸ਼੍ਰੀ ਪ੍ਰਿਥਵੀਰਾਜ, ਸਹਾਇਕ ਮੁੱਖ ਤਕਨੀਕੀ ਅਧਿਕਾਰੀ ਸਨ। ਇਸ ਪ੍ਰੋਗਰਾਮ ਦੇ ਤਹਿਤ, ਭਾਗੀਦਾਰਾਂ ਨੂੰ ਵਾਢੀ ਤੋਂ ਬਾਅਦ ਦੇ ਫਸਲਾਂ ਦੇ ਨੁਕਸਾਨ ਨੂੰ ਘਟਾਉਣ ਲਈ ਵੱਖ-ਵੱਖ ਤਕਨੀਕਾਂ ਅਤੇ ਫਲਾਂ ਅਤੇ ਸਬਜ਼ੀਆਂ ਦੇ ਭੰਡਾਰਨ ਨਾਲ ਸਬੰਧਤ ਵੱਖ-ਵੱਖ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਖੇਤਰੀ ਕੇਂਦਰ, ਸਿਫੇਟ ਅਬੋਹਰ ਵਿਖੇ ਕਿਸਾਨਾਂ ਲਈ ਉਪਲਬਧ ਸਹੂਲਤਾਂ ਬਾਰੇ ਵੀ ਦੱਸਿਆ ਗਿਆ। ਫਲਾਂ ਅਤੇ ਸਬਜ਼ੀਆਂ ਤੋਂ ਬਣੇ ਵੱਖ-ਵੱਖ ਉਤਪਾਦਾਂ ਅਤੇ ਮਾਰਕੀਟਿੰਗ ਪ੍ਰਕਿਰਿਆ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਅਧੀਨ ਫਾਜ਼ਿਲਕਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਅਨੁਸੂਚਿਤ ਜਾਤੀ ਭਾਈਚਾਰੇ ਦੇ 210 ਭਾਗੀਦਾਰਾਂ ਨੇ ਇਸ ਸਿਖਲਾਈ ਵਿੱਚ ਭਾਗ ਲਿਆ ਅਤੇ ਪ੍ਰੋਗਰਾਮ ਨੂੰ ਸਫਲ ਬਣਾਇਆ।

ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੂੰ ਸਰਵੋਤਮ ਚੋਣ ਅਮਲੇ ਲਈ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ

ਹੁਸ਼ਿਆਰਪੁਰ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੂੰ ਚੋਣ ਕਮਿਸ਼ਨ ਵੱਲੋਂ ਸਰਵੋਤਮ ਚੋਣ ਅਮਲੇ ਲਈ ਸਟੇਟ ਐਵਾਰਡ ਮਿਲਿਆ ਹੈ। ਇਹ ਪੁਰਸਕਾਰ 15ਵੇਂ ਰਾਸ਼ਟਰੀ ਵੋਟਰ ਦਿਵਸ ਯਾਨੀ 29 ਜਨਵਰੀ, 2025 ਨੂੰ ਦਿੱਤਾ ਜਾਵੇਗਾ।

ਜ਼ਿਲ੍ਹਾ ਪ੍ਰਸ਼ਾਸਨ ਨੂੰ ਸ਼ੁੱਕਰਵਾਰ ਨੂੰ ਮੁੱਖ ਚੋਣ ਦਫ਼ਤਰ ਤੋਂ ਇਸ ਸਬੰਧ ਵਿੱਚ ਇੱਕ ਸੰਦੇਸ਼ ਪ੍ਰਾਪਤ ਹੋਇਆ ਹੈ ਜਿਸ ਵਿੱਚ ਸਮੁੱਚੇ ਵਧੀਆ ਚੋਣ ਅਮਲੇ ਲਈ ਡਿਪਟੀ ਕਮਿਸ਼ਨਰ ਦਾ ਨਾਮ ਨਿਰਧਾਰਤ ਕੀਤਾ ਗਿਆ ਹੈ।

ਇਸ ਦੁਰਲੱਭ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਪ੍ਰਾਪਤੀ ਦਾ ਸਿਹਰਾ ਜ਼ਿਲ੍ਹੇ ਵਿੱਚ ਚੋਣ ਅਮਲੇ ਵਿੱਚ ਸ਼ਾਮਲ ਸਮੁੱਚੇ ਅਧਿਕਾਰੀਆਂ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਐਵਾਰਡ ਅਧਿਕਾਰੀਆਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਜੋਸ਼ ਨੂੰ ਦਰਸਾਉਂਦਾ ਹੈ, ਜੋ ਕਿ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਜ਼ਮੀਨੀ ਪੱਧਰ 'ਤੇ ਚੋਣਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਪ੍ਰਭਾਵਸ਼

ਉਸਨੇ ਅਧਿਕਾਰੀਆਂ ਦੀ ਯੋਜਨਾਬੱਧ ਅਤੇ ਨਿਰੰਤਰ ਵੋਟਰ ਜਾਗਰੂਕਤਾ ਪ੍ਰੋਗਰਾਮਾਂ ਲਈ ਵੀ ਸ਼ਲਾਘਾ ਕੀਤੀ ਜੋ ਕਿ ਜ਼ਿਲ੍ਹੇ ਭਰ ਵਿੱਚ ਵੋਟਰਾਂ ਦੀ ਭਾਗੀਦਾਰੀ ਦੇ ਨਤੀਜੇ ਵਜੋਂ ਉਭਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਵੋਟਰਾਂ ਨੂੰ ਹੋਰ ਜਾਗਰੂਕ ਕਰਨ ਲਈ ਉਤਸ਼ਾਹ ਨਾਲ ਕੰਮ ਕਰਨ ਦੀ ਅਪੀਲ ਕੀਤੀ, ਜੋ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹੇਗੀ।

ਉਨ੍ਹਾਂ ਨੇ ਮੁੱਖ ਚੋਣ ਦਫ਼ਤਰ ਵੱਲੋਂ ਸਮੇਂ-ਸਮੇਂ 'ਤੇ ਚੋਣ ਸੰਬੰਧੀ ਗਤੀਵਿਧੀਆਂ ਸ਼ੁਰੂ ਕਰਨ ਲਈ ਮਾਰਗਦਰਸ਼ਨ ਅਤੇ ਸਹਿਯੋਗ ਲਈ ਧੰਨਵਾਦ ਕੀਤਾ।

ਡਿਪਟੀ ਕਮਿਸ਼ਨਰ ਵੱਲੋਂ ਖਾਲਸਾ ਕਾਲਜ (ਲੜਕੀਆਂ) 'ਚ ਵਿਸ਼ੇਸ਼ ਮੈਗਾ ਰੋਜ਼ਗਾਰ ਮੇਲੇ ਦਾ ਉਦਘਾਟਨ

ਲੁਧਿਆਣਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰੋਜ਼ਗਾਰ ਰਾਹੀਂ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਖਾਲਸਾ ਕਾਲਜ (ਲੜਕੀਆਂ) ਵਿਖੇ ਲੜਕੀਆਂ ਲਈ ਵਿਸ਼ੇਸ਼ ਤੌਰ 'ਤੇ ਇੱਕ ਵਿਸ਼ੇਸ਼ ਮੈਗਾ ਨੌਕਰੀ ਮੇਲੇ ਦਾ ਉਦਘਾਟਨ ਕੀਤਾ।

ਸਹਾਇਕ ਕਮਿਸ਼ਨਰ (ਯੂ.ਟੀ.) ਕ੍ਰਿਤਿਕਾ ਗੋਇਲ ਦੇ ਨਾਲ, ਡਿਪਟੀ ਕਮਿਸ਼ਨਰ ਵੱਲੋਂ ਮਹਿਲਾ ਸਸ਼ਕਤੀਕਰਨ ਲਈ ਵਿੱਤੀ ਸੁਤੰਤਰਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਰੋਜ਼ਗਾਰ ਮੇਲੇ ਇਸ ਟੀਚੇ ਨੂੰ ਪ੍ਰਾਪਤ ਕਰਨ ਵੱਲ ਮਹੱਤਵਪੂਰਨ ਕਦਮ ਹਨ।

ਡਿਪਟੀ ਕਮਿਸ਼ਨਰ ਜੋਰਵਾਲ ਨੇ ਲੜਕੀਆਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਕਿਹਾ ਅਤੇ ਉਨ੍ਹਾਂ ਨੂੰ ਆਪਣੀ ਸਖ਼ਤ ਮਿਹਨਤ ਅਤੇ ਸਮਰਪਣ ਦੁਆਰਾ ਸੂਬੇ ਨੂੰ ਦੇਸ਼ ਵਿੱਚ ਮੋਹਰੀ ਬਣਾਉਣ ਲਈ ਯਤਨਸ਼ੀਲ ਹੋਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਮੰਨਿਆ ਕਿ ਔਰਤਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਪੁਲਾਂਘਾ ਪੁੱਟੀਆਂ ਅਤੇ ਮੌਕੇ ਮਿਲਣ 'ਤੇ ਆਪਣੀਆਂ ਯੋਗਤਾਵਾਂ ਨੂੰ ਸਿੱਧ ਵੀ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਜ਼ਿਕਰ ਕੀਤਾ ਕਿ ਔਰਤਾਂ ਆਪਣੇ ਪਰਿਵਾਰਾਂ ਦੇ ਸਮਰਥਨ ਨਾਲ ਆਪਣੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰ ਸਕਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਔਰਤਾਂ ਨਾ ਸਿਰਫ਼ ਆਪਣੇ ਕਰੀਅਰ ਨੂੰ ਅੱਗੇ ਵਧਾਉਂਦੀਆਂ ਹਨ, ਸਗੋਂ ਦੇਸ਼ ਦੀ ਤਰੱਕੀ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ।

ਡਿਪਟੀ ਕਮਿਸ਼ਨਰ ਜੋਰਵਾਲ ਨੇ ਸਮਾਜ ਦੀ ਨੀਂਹ ਵਜੋਂ ਔਰਤਾਂ ਦੀ ਜ਼ਰੂਰੀ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਸਾਰਿਆਂ ਨੂੰ ਉਨ੍ਹਾਂ ਨੂੰ ਸਸ਼ਕਤ ਬਣਾਉਣ ਵਿੱਚ ਮਦਦ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਦੁਹਰਾਇਆ ਕਿ ਔਰਤਾਂ ਵਿੱਚ ਅਥਾਹ ਸਮਰੱਥਾ ਹੈ ਅਤੇ ਸਹੀ ਢੰਗ ਨਾਲ ਅਗਵਾਈ ਮਿਲਣ 'ਤੇ ਉਹ ਸ਼ਾਨਦਾਰ ਸਫਲਤਾ ਪ੍ਰਾਪਤ ਕਰ ਸਕਦੀਆਂ ਹਨ। ਉਨ੍ਹਾਂ ਉਦਯੋਗਪਤੀਆਂ ਅਤੇ ਕੰਪਨੀਆਂ ਨੂੰ ਪੰਜਾਬ ਦੇ ਵਿਕਾਸ ਨੂੰ ਤੇਜ਼ ਕਰਨ ਲਈ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦਾ ਸੱਦਾ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਰੁਜ਼ਗਾਰਦਾਤਾ ਰੋਜ਼ਗਾਰ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾ ਸਕਦੇ ਹਨ।

ਰੋਜ਼ਗਾਰ ਮੇਲੇ ਵਿੱਚ 18 ਤੋਂ 35 ਸਾਲ ਦੀਆਂ 2,100 ਤੋਂ ਵੱਧ ਔਰਤਾਂ ਨੇ ਸ਼ਮੂਲੀਅਤ ਕੀਤੀ ਜਿਸ ਵਿੱਚ ਭਾਗ ਲੈਣ ਵਾਲੀਆਂ ਕੰਪਨੀਆਂ ਦੁਆਰਾ 1,870 ਅਹੁਦਿਆਂ ਦੀ ਪੇਸ਼ਕਸ਼ ਕੀਤੀ ਗਈ। ਕੁੱਲ 43 ਕੰਪਨੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਐਸ.ਬੀ.ਆਈ., ਆਈ.ਸੀ.ਆਈ.ਸੀ.ਆਈ. ਬੈਂਕ, ਐਕਸਿਸ ਬੈਂਕ, ਟੈਕ ਆਟੋ ਪ੍ਰਾਈਵੇਟ ਲਿਮਟਿਡ, ਸ਼ਿਵ ਸਾਫਟਸ, ਆਈ.ਐਫ.ਐਮ. ਫਿਨਕੌਚ, ਆਦਿਤਿਆ ਬਿਰਲਾ, ਭਾਰਤੀ ਜੀਵਨ ਬੀਮਾ ਨਿਗਮ (ਐਲ.ਆਈ.ਸੀ.), ਕੋਟਕ ਮਹਿੰਦਰਾ, ਸੈਫਾਇਰ, ਡੈਮਸਮ ਇੰਡੀਆ ਪ੍ਰਾਈਵੇਟ ਲਿਮਟਿਡ, ਏਅਰਟੈੱਲ, ਫਲੀਟ ਸੇਫਟੀ ਇਨਫੋਟੈਕ, ਸਪਾਰਕ ਇੰਟਰਨੈਸ਼ਨਲ, ਇਨੋਵ ਸੋਰਸ, ਵਿਜ਼ਰੋਬੋ ਪ੍ਰਾਈਵੇਟ ਲਿਮਟਿਡ, ਵੀ5 ਗਲੋਬਲ ਸਲਿਊਸ਼ਨ, ਸਾਚੀ ਪ੍ਰੋਸੈਸਰ, ਡੀ-ਮਾਰਟ, ਕੁਐਸ, ਆਧਾਨ ਸਲਿਊਸ਼ਨ, ਜੀਨੀਅਸ, ਸੇਵਾ ਕੇਂਦਰ, ਟੈਲੇਂਟ ਐਕਵਿਜ਼ੀਸ਼ਨ, ਵੇਦਾਂਤਾ ਕੈਪੀਟਲ ਬੈਂਕੋਰਪ ਪ੍ਰਾਈਵੇਟ ਲਿਮਟਿਡ, ਲਵਿਆ ਐਸੋਸੀਏਟਸ ਐਚ.ਆਰ. ਸਰਵਿਸਿਜ਼, ਏ.ਕੇ.ਸੀ. ਵਿਧਾਤਾ ਕੇ.ਆਈ.ਏ., ਪੀ.ਵੀ.ਆਰ. ਸਿਨੇਮਾ, ਐਮਾਜ਼ਾਨ/ਫਲਿੱਪਕਾਰਟ, ਕੋਕਾ-ਕੋਲਾ, ਹਾਈ ਟੈਕ ਇੰਟਰਨੈਸ਼ਨਲ, ਜੰਬੋ ਰੈਬਿਟਸ, ਅੰਸ਼ ਇਨਫੋਟੈਕ ਆਦਿ ਤੇ ਹੋਰ ਸ਼ਾਮਲ ਸਨ।

ਰੋਜ਼ਗਾਰ ਮੇਲੇ ਲਈ ਯੋਗਤਾ ਵਿੱਚ ਉਹ ਕੁੜੀਆਂ ਸ਼ਾਮਲ ਹਨ ਜਿਨ੍ਹਾਂ ਨੇ 10ਵੀਂ ਅਤੇ 12ਵੀਂ ਜਮਾਤ, ਆਈ.ਟੀ.ਆਈ., ਡਿਪਲੋਮਾ, ਗ੍ਰੈਜੂਏਸ਼ਨ ਜਾਂ ਪੋਸਟ-ਗ੍ਰੈਜੂਏਸ਼ਨ ਪੂਰੀ ਕੀਤੀ ਹੈ।

ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਡਾ ਅਨਿਲ ਗੋਇਲ ਨੇ ਸਿਵਲ ਹਸਪਤਾਲ ਅਬੋਹਰ ਦਾ ਕੀਤਾ ਦੌਰਾ

ਫਾਜ਼ਿਲਕਾ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਲੋਕਾਂ ਨੂੰ ਹੋਰ ਵਧੀਆ ਅਤੇ ਸੁਚਾਰੂ ਪੱਧਰ ਦੀਆਂ ਸਿਹਤ ਸਹੂਲਤਾਂ ਦੇਣ ਦੇ ਮਕਸਦ ਨਾਲ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਡਾ ਅਨਿਲ ਗੋਇਲ ਨੇ ਅੱਜ ਸਿਵਲ ਹਸਪਤਾਲ ਫਾਜਿਲਕਾ ਦਾ ਦੌਰਾ ਕੀਤਾ।

ਇਸ ਸਮੇਂ ਉਹਨਾਂ ਦੇ ਨਾਲ ਡਾ ਲਹਿੰਬਰ ਰਾਮ ਸਿਵਲ ਸਰਜਨ ਫਾਜਿਲਕਾ, ਡਾ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਅਤੇ ਡਾ ਨੀਰਜਾ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਮੌਜੂਦ ਸਨ।

ਇਸ ਸਮੇਂ ਉਹਨਾਂ ਐਮਰਜੈਂਸੀ, ਓ.ਪੀ.ਡੀ., ਜਨਰਲ ਅਤੇ ਆਈ.ਡੀ.ਐਸ.ਪੀ. ਲੈਬ, ਫਾਰਮੇਸੀ, ਜਨਰਲ ਵਾਰਡ, ਆਯੁਸ਼ਮਾਨ ਵਿੰਗ, ਟੀਕਾਕਰਣ ਕੇਂਦਰ, ਐਨ.ਵੀ.ਬੀ.ਡੀ.ਸੀ.ਪੀ. ਬ੍ਰਾਂਚ, ਐਕਸ-ਰੇ, ਈ.ਸੀ.ਜੀ., ਅਲਟਰਾ ਸਾਊਂਡ ਦਾ ਦੌਰਾ ਕੀਤਾ। ਉਹਨਾਂ ਵਾਰਡਾਂ ਵਿੱਚ ਦਾਖਿਲ ਮਰੀਜਾਂ ਦਾ ਹਾਲ ਚਾਲ ਪੁੱਛਿਆ ਅਤੇ ਮਰੀਜਾਂ ਤੋਂ ਹਸਪਤਾਲ ਵਿੱਚ ਮਿਲਦੀਆਂ ਸਹੂਲਤਾਂ ਬਾਰੇ ਗੱਲਬਾਤ ਕੀਤੀ।

ਉਹਨਾਂ ਹਸਪਤਾਲ ਦੀ ਸਾਫ਼ ਸਫ਼ਾਈ ਅਤੇ ਪ੍ਰਬੰਧਾ ਤੋਂ ਸੰਤੁਸ਼ਟੀ ਪ੍ਰਗਟਾਈ ਅਤੇ ਹੋਰ ਸੁਧਾਰ ਕਰਨ ਲਈ ਕਿਹਾ। ਉਹਨਾਂ ਸਟਾਫ਼ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ। ਉਹਨਾਂ ਕਿਹਾ ਕਿ ਸਿਹਤ ਸੇਵਾਵਾਂ ਅਤੇ ਸਕੀਮਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਪਹੁੰਚਾਇਆ ਜਾਵੇ। ਉਹਨਾਂ ਸਿਹਤ ਪ੍ਰੋਗ੍ਰਾਮਾਂ ਦੀ ਸਮੀਖਿਆ ਕੀਤੀ।

ਇਸ ਸਮੇਂ ਡਾ ਸੰਜੀਵ ਕੁਮਾਰ, ਰਾਜੀਵ ਕੁਮਾਰ, ਵਿਨੋਦ ਖੁਰਾਣਾ, ਚੰਦਰਭਾਨ, ਸਿਮਰਜੀਤ ਕੌਰ, ਗੁਰਜਿੰਦਰ ਸਿੰਘ, ਟਹਿਲ ਸਿੰਘ ਹਾਜ਼ਰ ਸਨ।

ਕਲਮਾ-ਨੂਰਪੁਰਬੇਦੀ-ਰੂਪਨਗਰ ਰੋਡ 'ਤੇ ਆਉਣ ਜਾਣ ਵਾਲੇ ਹੈਵੀ ਓਵਰਲੋਡ ਭਾਰੀ ਗੱਡੀਆਂ/ਟਿੱਪਰਾਂ ਦੇ ਚੱਲਣ 'ਤੇ ਪੂਰਨ ਪਾਬੰਦੀ

ਰੂਪਨਗਰ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜੀਸਟ੍ਰੇਟ ਪੂਜਾ ਸਿਆਲ ਗਰੇਵਾਲ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਸੁਰਕਸ਼ਾ ਸੰਹਿਤਾ 163 ਅਧੀਨ ਕਲਮਾ-ਨੂਰਪੁਰਬੇਦੀ-ਰੂਪਨਗਰ ਰੋਡ ਤੇ ਆਉਣ ਜਾਣ ਵਾਲੇ ਹੈਵੀ ਓਵਰਲੋਡ ਭਾਰੀ ਗੱਡੀਆਂ/ਟਿੱਪਰਾਂ ਦੇ ਚੱਲਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਦਾ ਹੈ ਕਿ ਜਿਲ੍ਹਾ ਰੂਪਨਗਰ ਅੰਦਰ ਚੱਲ ਰਹੀ ਮਾਈਨਿੰਗ ਵਿੱਚ ਸ਼ਾਮਿਲ ਵੱਡੀ ਗਿਣਤੀ ਵਿੱਚ ਓਵਰਲੋਡ ਟਿੱਪਰਾ ਦੀ ਆਵਾਜਾਈ ਆਮ ਦੇਣ ਤੋਂ ਕਲਮਾ ਨੂਰਪੁਰਬੇਦੀ-ਰੂਪਨਗਰ ਰੋਡ ਤੋਂ ਹੋ ਰਹੀ ਹੈ। ਕਲਮਾ-ਨੂਰਪੁਰਬੇਦੀ-ਰੂਪਨਗਰ ਰੋਡ ਤੇ ਵੱਡੀ ਗਿਣਤੀ ਵਿੱਚ ਪਿੰਡ ਹੁੰਦੇ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਇਹਨਾਂ ਪਿੰਡਾਂ ਦੇ ਵਸਨੀਕ ਹਨ।

ਇਸ ਤੋਂ ਇਲਾਵਾ ਇਸ ਰੋਡ ਤੋਂ ਕਾਫੀ ਸਕੂਲ ਪੈਂਦੇ ਹਨ ਜਿਨ੍ਹਾਂ ਵਿੱਚ ਪੜਨ ਵਾਲੇ ਸਕੂਲੀ ਵਿਦਿਆਰਥੀ ਇਸ ਰੋਡ ਰਾਹੀ ਸਕੂਲ ਤੇ ਆਉਣਾ-ਜਾਣਾ ਕਰਦੇ ਹਨ। ਓਵਰਲੋਡ ਟਿੱਪਰਾ ਦੀ ਆਵਾਜਾਈ ਕਾਰਨ ਪਹਿਲਾਂ ਕਈ ਹਾਦਸੇ ਵਾਪਰ ਚੁੱਕ ਹਨ ਜਿਸ ਕਾਰਨ ਲਾਅ ਐਂਡ ਆਰਡਰ ਦੀ ਸਥਿਤੀ ਪ੍ਰਭਾਵਿਤ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸਰਦੀਆਂ ਵਿੱਚ ਪੈਣ ਵਾਲੀ ਗਹਿਰੀ ਧੁੰਦ ਅਤੇ ਇਸ ਰੋਡ ਉਤੇ ਟਿੱਪਰਾ ਦੀ ਜਿਆਦਾ ਆਵਾਜਾਈ ਕਾਰਨ ਨਿੱਤ ਨਵੇਂ ਹਾਸੇ ਵਾਪਰਦੇ ਰਹਿੰਦੇ ਹਨ। ਆਉਣ ਵਾਲੇ ਦਿਨਾਂ ਅੰਦਰ ਵੱਡਾ ਹਾਦਸਾ ਹੋਣ ਦੀ ਸੰਭਾਵਨਾ ਤੇ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸ ਨਾਲ ਜਾਨ ਮਾਲ ਦਾ ਨੁਕਸਾਨ ਹੋ ਸਕਦਾ ਹੈ ਅਤੇ ਲਾਅ ਐਂਡ ਆਰਡਰ ਦੀ ਸਥਿੱਤੀ ਪ੍ਰਭਾਵਿਤ ਹੋ ਸਕਦੀ ਹੈ।

ਲੋਕਾਂ ਦੀ ਮੰਗ ਤਹਿਤ ਇਹਨਾਂ ਓਵਰਲਡ ਟਿੱਪਰਾ ਉਤੇ ਸਖਤੀ ਕੀਤੀ ਜਾ ਰਹੀ ਹੈ ਅਤੇ ਇਹਨਾਂ ਟਿੱਪਰਾ ਦੀ ਆਵਾਜਾਦੀ ਕਲਮਾ-ਨੂਰਪੁਰਬੇਦੀ-ਰੂਪਨਗਰ ਰੋਡ ਤੋਂ ਬੰਦ ਕਰਵਾ ਕੇ ਪਚਰੰਡਾ ਮੋੜ ਤੋਂ ਸ੍ਰੀ ਅਨੰਦਪੁਰ ਸਾਹਿਬ ਰਾਹੀ ਯਕੀਨੀ ਬਣਾਈ ਜਾਵੇ। ਇਹ ਹੁਕਮ 24 ਮਾਰਚ 2025 ਤੱਕ ਲਾਗੂ ਰਹਿਣਗੇ।

ਅਗਨੀਵੀਰ ਤੇ ਐਸ.ਐਸ.ਸੀ.ਦੀ ਭਰਤੀ ਲਈ ਤਿਆਰੀ ਸ਼ੁਰੂ

ਫ਼ਤਹਿਗੜ੍ਹ ਸਾਹਿਬ, 29 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਯੁਵਕਾਂ ਦ ਸਿਖਲਾਈ ਤੇ ਰੋਜ਼ਗਾਰ ਕੇਂਦਰ (ਸੀ ਪਾਇਟ) ਕੈਂਪ ਸ਼ਹੀਦਗੜ੍ਹ ਦੇ ਟਰੇਨਿੰਗ ਅਫਸਰ ਕੈਪਟਨ ਨਰਿੰਦਰਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀ ਪਾਇਟ ਕੈਂਪ ਸ਼ਹੀਦਗੜ੍ਹ ਵਿਖੇ ਅਗਨੀਵੀਰ ਅਤੇ ਐਸ.ਐਸ.ਸੀ. (ਜਨਰਲ ਡਿਊਟੀ) ਦੇ ਪੇਪਰਾਂ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਭਰਤੀ ਦੇ ਚਾਹਵਾਨ ਨੌਜਵਾਨ ਤੁਰੰਤ ਆਪਣੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਅਤੇ ਦੋ ਪਾਸਪੋਰਟ ਸਾਇਜ਼ ਫੋਟੋਆਂ

‘ਕੁਛ ਕੁਛ ਹੋਤਾ ਹੈ’ ਦੀ ਧੁਨ ‘ਤੇ ਅਜੇ ਵੀ ਧੜਕਦਾ ਹੈ ਇੰਡੋਨੇਸ਼ੀਆ ਦਾ ਦਿਲ

ਏਜੰਸੀਆਂ

ਨਵੀਂ ਦਿੱਲੀ 29 ਜਨਵਰੀ। ਰਾਸਟਰਪਤੀ ਭਵਨ ‘ਚ ਐਤਵਾਰ ਨੂੰ ਇਕ ਇੰਡੋਨੇਸ਼ੀਆਈ ਵਫਦ ਨੇ ਹਿੱਟ ਗੀਤ ‘ਕਿਆ ਕਰੁਣ ਹੈ, ਕੁਛ ਕੁਛ ਹੋਤਾ ਹੈ...’ ਗਾਇਆ, ਜਿਸ

ਨਾਲ ਇਹ ਸਾਬਿਤ ਹੋ ਗਿਆ ਕਿ ਉਸ ਦੇਸ ‘ਚ ਵੀ ਬਾਲੀਵੁੱਡ ਦਾ ਪ੍ਰਭਾਵ ਹੈ ਅਤੇ ਹਿੰਦੀ ਫਿਲਮਾਂ ਉੱਥੇ ਹੀ ਲੋਕਪ੍ਰਿਯ ਹਨ। ਸਾਹਰੁਖ ਖਾਨ, ਕਾਜੋਲ ਅਤੇ ਰਾਣੀ ਮੁਖਰਜੀ ਅਭਿਨੀਤ ‘ਕੁਛ ਕੁਛ ਹੋਤਾ ਹੈ’, ਭਾਰਤ ‘ਚ ਰਿਲੀਜ ਹੋਣ ਤੋਂ ਤਿੰਨ ਸਾਲ ਬਾਅਦ 2001 ‘ਚ ਇੰਡੋਨੇਸੀਆਈ ਸਿਨੇਮਾਘਰਾਂ ‘ਚ ਦਿਖਾਈ ਗਈ ਸੀ। ਸਾਲ 1998 ‘ਚ ਰਿਲੀਜ ਹੋਈ ਇਸ ਹਿੰਦੀ ਫਿਲਮ ਨੇ ਉਸ ਸਮੇਂ ਇੰਡੋਨੇਸੀਆਈ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਇਸ ਦੀ ਪ੍ਰਸਿੱਧੀ ਅੱਜ ਵੀ ਬਰਕਰਾਰ ਹੈ। ਇੰਡੋਨੇਸੀਆਈ ਵਫਦ ਨੇ 76ਵੇਂ ਗਣਤੰਤਰ ਦਿਵਸ ਸਮਾਰੋਹ ਦੇ ਮੁੱਖ ਮਹਿਮਾਨ, ਇੰਡੋਨੇਸੀਆਈ ਰਾਸਟਰਪਤੀ ਪ੍ਰਬੋਵੋ ਸੁਬੀਆਂਤੋ ਦੇ ਸਨਮਾਨ ‘ਚ ਰਾਸਟਰਪਤੀ ਦ੍ਰੌਪਦੀ ਮੁਰਮੂ ਵਲੋਂ ਆਯੋਜਿਤ ਭੋਜਨ ‘ਚ ‘ਕੁਛ ਕੁਛ ਹੋਤਾ ਹੈ’ ਗਾ ਕੇ ਮਹਿਮਾਨਾਂ ਨੂੰ ਹੈਰਾਨ ਕਰ ਦਿੱਤਾ। ਰਾਸ਼ਟਰਪਤੀ ਭਵਨ ‘ਚ ਮੌਜੂਦ ਮਹਿਮਾਨਾਂ ਨੇ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਕਾਜੋਲ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ‘ਤੇ ਉਸ ਦਾ ਵੀਡੀਓ ਸਾਂਝਾ ਕਰ ਕਿਹਾ ਕਿ ਉਹ ਖੁਦ ‘ਤੇ ਮਾਣ ਮਹਿਸੂਸ ਕਰ ਰਹੀ ਹੈ। ਫਿਲਮ ‘ਕੁਛ-ਕੁਛ ਹੋਤਾ ਹੈ’ ਤੋਂ ਪਹਿਲੀ ਵਾਰ ਨਿਰਦੇਸ਼ਕ ਬਣੇ ਕਰਨ ਜੌਹਰ ਨੇ ਵੀ ‘ਇੰਸਟਾਗ੍ਰਮ’ ‘ਤੇ ਉਹ ਵੀਡੀਓ ਸਾਂਝਾ ਕੀਤਾ। ਇੰਡੋਨੇਸ਼ੀਆਈ ਮੀਡੀਆ ਸੰਸਥਾ ‘ਵੀਕੈਂਡ ਲੀਡਰ’ ਨੇ ‘ਦਿ ਮੈਜਿਕ ਆਫ ਬਾਲੀਵੁੱਡ : ਐਟ ਹੋਮ ਐਂਡ ਅਬ੍ਰਾਡ’ ਕਿਤਾਬ ਦੇ ਹਵਾਲੇ ਤੋਂ ਕਿਹਾ ਕਿ ‘ਕੁਛ-ਕੁਛ ਹੋਤਾ ਹੈ’ ਫਿਲਮ ਦੀ ਸਫਲਤਾ ਤੋਂ ਬਾਅਦ ਇੰਡੋਨੇਸ਼ੀਆ ‘ਚ ਭਾਰਤੀ ਫਿਲਮਾਂ ਦੀ ਲੋਕਪ੍ਰਿਯਤਾ ਵਧੀ। ਇਸ ਫਿਲਮ ਦੀ ਕਾਮਯਾਬੀ ਨਾਲ ਇੰਡੋਨੇਸ਼ੀਆ ‘ਚ ‘ਸਾਫ-ਸੁਥਰੀ ਪਰਿਵਾਰਕ ਫਿਲਮਾਂ’ ਦੀ ਸ਼ੁਰੂਆਤ ਹੋਈ, ਜਿੱਥੇ ਪਹਿਲੇ ‘ਐਕਸ਼ਨ’ ਫਿਲਮਾਂ ਦਾ ਜੋਰ ਸੀ।

ਜੇਲ੍ਹ ’ਚੋਂ ਮੋਬਾਇਲ ਬਰਾਮਦ

ਫ਼ਰੀਦਕੋਟ 29 ਜਨਵਰੀ। ਸਥਾਨਕ ਜੇਲ੍ਹ ਦੇ ਬਾਹਰੋਂ ਥਰੋਅ ਕਰਨ ਆਏ ਇੱਕ ਦੋਸ਼ੀ ਗੁਰਵਿੰਦਰ ਸਿੰਘ ਵਾਸੀ ਫ਼ਰੀਦਕੋਟ ਨੂੰ ਗ੍ਰਿਫ਼ਤਾਰ ਕਰਕੇ ਇਸ ਪਾਸੋਂ ਕੀਤੀ ਗਈ ਪੁੱਛ ਗਿੱਛ ਉਪ੍ਰੰਤ ਜੇਲ੍ਹ ਦੇ ਹਵਾਲਾਤੀ ਇਕਬਾਲ ਸਿੰਘ ਪਾਸੋਂ 2 ਮੋਬਾਈਲ ਬਰਾਮਦ ਹੋਣ ’ਤੇ ਦੋਵਾਂ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਜੇਲ੍ਹ ਦੇ ਸਹਾਇਕ ਸੁਪਰਡੈਂਟ ਕਮਲਜੀਤ ਸਿੰਘ ਅਨੁਸਾਰ ਜਦ ਥਰੋਅ ਕਰਨ ਆਏ ਦੋਸ਼ੀ ਨੂੰ ਕਾਬੂ ਕਰਕੇ ਪੁੱਛਿਆ ਗਿਆ ਤਾਂ ਇਸਨੇ ਮੰਨਿਆ ਕਿ ਉਹ ਉਕਤ ਹਵਾਲਾਤੀ ਨਾਲ ਫੋਨ ’ਤੇ ਹੋਈ ਗੱਲਬਾਤ ਅਨੁਸਾਰ ਜੇਲ੍ਹ ਅੰਦਰ ਥਰੋਅ ਕਰਨ ਲਈ ਆਇਆ ਹੈ

ਆਪਣੇ ਵਿਦਿਆਰਥੀਆਂ ਨੂੰ ਕਾਮਯਾਬ ਹੁੰਦਾ ਵੇਖ ਫੁੱਲੇ ਨਹੀਂ ਸਮਾਉਂਦੇ ਰਿਟਾ. ਅਧਿਆਪਕ: ਡਾ. ਅਵਿਨਾਸ਼ ਸ਼ਰਮਾ

ਸਰਦੂਲ ਸਿੰਘ

ਜਲੰਧਰ 29 ਜਨਵਰੀ। 1995 ਵਿਚ ਬੈਸਟ ਅਧਿਆਪਕ ਦੇ ਰੂਪ ਵਿਚ ਚੁਣੇ ਗਏ ਰਿਟਾਇਰਡ ਪ੍ਰਿੰਸੀਪਲ ਡਾ. ਅਵਿਨਾਸ਼ ਸ਼ਰਮਾ ਆਪਣੀਆਂ ਸੇਵਾਵਾਂ ਨੂੰ ਲੈ ਕੇ ਕਾਫੀ ਜਾਣੇ ਜਾਂਦੇ ਹਨ। ਪੰਜਾਬ ਦੇ ਨੂਰਪੁਰਬੇਦੀ ਦੇ ਰਹਿਣ ਵਾਲੇ ਡਾ. ਅਵਿਨਾਸ਼ ਸ਼ਰਮਾ ਵੱਲੋਂ ਪੜ੍ਹਾਏ ਗਏ ਬੱਚੇ ਅੱਜ ਦੇਸ਼ ਦੇ ਬਹੁਤ ਵੱਡੇ ਅਹੁਦਿਆਂ ‘ਤੇ ਪਹੁੰਚੇ ਹੋਏ ਹਨ। ਕਈ ਬੱਚੇ ਆਈ. ਏ. ਐੱਸ. ਅਤੇ ਪੀ. ਸੀ. ਐੱਸ. ਬਣੇ ਹਨ ਤਾਂ ਕਈਆਂ ਨੇ ਰਾਜਨੀਤੀ ਦੇ ਖੇਤਰ ਵਿਚ ਵੱਡਾ ਮੁਕਾਮ ਹਾਸਲ ਕੀਤਾ ਹੈ। ਡਾ. ਅਵਿਨਾਸ ਸਰਮਾ ਨੂੰ ਉਨ੍ਹਾਂ ਦੀਆਂ ਸਾਨਦਾਰ ਸੇਵਾਵਾਂ ਲਈ ਹਿੰਦੀ ਸਾਹਿਤ ਅਕਾਦਮੀ ਵੱਲੋਂ ਸਨਮਾਨਤ ਵੀ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਸਾਬਕਾ ਰਾਸਟਰਪਤੀ ਸਵ. ਗਿਆਨੀ ਜੈਲ ਸਿੰਘ ਨੇ ਦਿੱਤਾ ਸੀ। ਉਸ ਦੌਰਾਨ ਇਸ ਸਨਮਾਨ ਲਈ 11 ਲੋਕਾਂ ਦੀ ਚੋਣ ਕੀਤੀ ਗਈ ਸੀ, ਜਿਨ੍ਹਾਂ ਵਿੱਚ ਡਾ. ਸਰਮਾ ਦਾ ਨਾਮ ਵੀ ਸਾਮਲ ਸੀ। ਪੰਜਾਬ ਕੇਸਰੀ ਨਾਲ ਗੱਲਬਾਤ ਕਰਦਿਆਂ ਡਾ. ਅਵਿਨਾਸ ਸਰਮਾ ਨੇ ਕਿਹਾ ਕਿ ਅੱਜ ਉਨ੍ਹਾਂ ਦਾ ਦਿਲ ਮਾਣ ਨਾਲ ਭਰ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਵੱਲੋਂ ਪੜ੍ਹਾਏ ਗਏ ਵਿਦਿਆਰਥੀ ਦੇਸ ਵਿੱਚ ਬਹੁਤ ਉੱਚੇ ਅਹੁਦਿਆਂ ‘ਤੇ ਪਹੁੰਚੇ ਹਨ। ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਵਿਦਿਆਰਥੀ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ 1995 ਵਿੱਚ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਵੋਤਮ ਅਧਿਆਪਕ ਵਜੋਂ ਸਟੇਟ ਐਵਾਰਡ ਲਈ ਚੁਣਿਆ ਗਿਆ ਸੀ। ਉਨ੍ਹਾਂ ਦਾ ਪਾਲਣ-ਪੋਸ਼ਣ ਬੇਹੱਦ ਗਰੀਬੀ ਵਿਚ ਹੋਇਆ। ਜਦੋਂ ਉਹ 2 ਸਾਲ

ਦੇ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ। ਉਸ ਦੇ ਬਾਅਦ ਵੱਖ-ਵੱਖ ਭਾਸ਼ਾਵਾਂ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿਚ ਪੋਸਟ ਗਰੈਜੁਏਟ ਦੀ ਡਿਗਰੀ ਹਾਸਲ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਇੰਦਰਨਾਥ ਮਦਾਨ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਮੇਂ ਦੌਰਾਨ ਸਿਰਫ 7 ਅਧਿਆਪਕ ਹੀ ਸਟੇਟ ਐਵਾਰਡ ਲਈ ਚੁਣੇ ਜਾਂਦੇ ਸਨ। ਉਨ੍ਹਾਂ ਨੇ ਹਾਲ ਹੀ ਵਿਚ ਪੰਜਾਬ ਲਈ ਸੱਭਿਆਚਾਰਕ ਕਿਤਾਬ ਲਿਖੀ। ਉਨ੍ਹਾਂ ਦੱਸਿਆ ਕਿ ਸਿਆਸਤਦਾਨ ਇਕਬਾਲ ਸਿੰਘ ਲਾਲਪੁਰਾ ਉਨ੍ਹਾਂ ਦੇ ਵਿਦਿਆਰਥੀ ਸਨ ਅਤੇ ਅੱਜ ਜਦੋਂ ਉਹ ਉਨ੍ਹਾਂ ਨੂੰ ਮਿਲਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਵਿਦਿਆਰਥੀ ਹਨ, ਜੋ ਚੰਗੇ ਅਹੁਦਿਆਂ ‘ਤੇ ਪਹੁੰਚੇ ਹਨ, ਜਿਨ੍ਹਾਂ ਨੂੰ ਮਿਲ ਕੇ ਬਹੁਤ ਖੁਸੀ ਹੁੰਦੀ ਹੈ। ਸਿੱਖਿਆ ਪ੍ਰਣਾਲੀ ਵਿੱਚ ਤਬਦੀਲੀਆਂ ਬਾਰੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੁਰਾਣੀ ਸਿੱਖਿਆ ਪ੍ਰਣਾਲੀ ਵੀ ਆਪਣੇ ਸਿਖਰ ‘ਤੇ ਸੀ ਪਰ ਅੱਜ ਦੇ ਯੁੱਗ ਵਿੱਚ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ। ਸਾਨੂੰ ਇਸ ਬਦਲਦੇ ਮਾਹੌਲ ਵਿੱਚ ਆਪਣੇ ਆਪ ਨੂੰ ਬਦਲਦੇ ਰਹਿਣਾ ਚਾਹੀਦਾ ਹੈ। ਅੱਜ ਦੀ ਨਵੀਂ ਸਿੱਖਿਆ ਪ੍ਰਣਾਲੀ ਸਾਡੇ ਲਈ ਬਹੁਤ ਫਾਇਦੇਮੰਦ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਨਸੇ ਤੋਂ ਦੂਰ ਰਹਿਣ, ਸਰੀਰਕ ਤੌਰ ‘ਤੇ ਸਿਹਤਮੰਦ ਰਹਿਣ ਅਤੇ ਆਪਣੇ ਮਾਪਿਆਂ ਦਾ ਨਾਮ ਰੌਸਨ ਕਰਨ ਦੀ ਸਲਾਹ ਵੀ ਦਿੱਤੀ। ਅੱਜ ਵੀ 80 ਸਾਲ ਦੀ ਉਮਰ ਵਿੱਚ ਡਾ. ਸਰਮਾ ਸਮਾਜ ਸੇਵਾ ਵਿੱਚ ਲੱਗੇ ਹੋਏ ਹਨ।

ਪੰਜਾਬ ਦੇ ਇਸ ਸ਼ਖਸ ਦੀ ਚਮਕੀ ਕਿਸਮਤ, ਨਿਕਲਿਆ 10 ਕਰੋੜ ਦਾ ਲਾਟਰੀ ਬੰਪਰ

ਨੂਰਪੁਰਬੇਦੀ 29 ਜਨਵਰੀ। ਬਲਾਕ ਨੂਰਪੁਰਬੇਦੀ ਦੇ ਪਿੰਡ ਬੜਵਾ ਦੇ ਵਸਨੀਕ ਹਰਭਿੰਦਰ ਸਿੰਘ ਪੱਪੂ ਦੀ ਖੁਸ਼ੀ ਦਾ ਟਿਕਾਣਾ ਉਸ ਵੇਲੇ ਨਾ ਰਿਹਾ ਜਦੋਂ ਉਹ ਰਾਤੋਂ-ਰਾਤ 10 ਕਰੋੜ ਰੁਪਏ ਦਾ ਮਾਲਕ ਬਣ ਗਿਆ। ਹਰਭਿੰਦਰ ਸਿੰਘ ਦਾ ਪੰਜਾਬ ਸਟੇਟ ਲਾਟਰੀ ਡੀਅਰ ਬੰਪਰ ਦੀ ਟਿਕਟ ਤੋਂ 10 ਕਰੋੜ ਰੁਪਏ ਦਾ ਪਹਿਲਾ ਇਨਾਮ ਨਿਕਲਿਆ। ਸਊਦੀ ਅਰਬ ‘ਚ ਡਰਾਈਵਿੰਗ ਦਾ ਕੰਮ ਕਰਨ ਵਾਲਾ ਹਰਭਿੰਦਰ ਸਿੰਘ ਕੁਝ ਸਮਾਂ ਪਹਿਲਾਂ ਹੀ ਕੁਝ ਕਾਰਨ ਦੇ ਚੱਲਦਿਆਂ ਘਰ ਵਾਪਸ ਆ ਗਿਆ ਸੀ। ਬੀਤੇ ਦਿਨੀਂ ਲੋਹੜੀ ਤੋਂ ਪਹਿਲਾਂ ਰੋਪੜ ਦੇ ਅਸੋਕਾ ਲਾਟਰੀ ਸਟਾਲ ਤੋਂ ਉਸ ਨੇ 500-500 ਦੀਆਂ ਦੋ ਟਿਕਟਾਂ ਖਰੀਦੀਆਂ। ਇਹ ਟਿਕਟ ਖਰੀਦ ਕੇ ਪੂਰੇ

ਪਰਿਵਾਰ ਨੇ ਪੀਰ ਬਾਬਾ ਜਿੰਦਾ ਸਹੀਦ ਜੀ ਦੇ ਦਰਬਾਰ ‘ਤੇ ਨਤਮਸਤਕ ਹੋ ਕੇ ਅਰਦਾਸ ਵੀ ਕੀਤੀ ਸੀ। ਲਾਟਰੀ ਵਿਜੇਤਾ ਹਰਭਿੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਜਦੋਂ ਉਸ ਦੀ ਟਿਕਟ ਨੰਬਰ ਬੀ-566370 ਦਾ ਡਰਾਅ ਨਿਕਲਣ ਸਬੰਧੀ ਪਤਾ ਲੱਗਿਆ ਤਾਂ ਪੂਰੇ ਪਰਿਵਾਰ ਦੀ ਖੁਸੀ ਦਾ ਟਿਕਾਣਾ ਨਹੀਂ ਰਿਹਾ। ਹਰਭਿੰਦਰ ਅਤੇ ਉਸ ਦੇ ਪੁੱਤਰ ਦਵਿੰਦਰ ਸਿੰਘ ਨੇ ਦੱਸਿਆ ਕਿ ਉਹ ਇਨ੍ਹਾਂ ਪੈਸਿਆਂ ਨਾਲ ਕੋਈ ਚੰਗਾ ਕਾਰੋਬਾਰ ਸੁਰੂ ਕਰਨਗੇ ਅਤੇ ਉਸ ਵਿੱਚੋਂ ਕੁਝ ਹਿੱਸਾ ਲੋੜਵੰਦਾਂ ਦੀ ਸਹਾਇਤਾ ਲਈ ਖਰਚ ਕਰਨਗੇ। ਇਸ ਸਬੰਧੀ ਅਸੋਕਾ ਲਾਟਰੀ ਸਟਾਲ ਦੇ ਮਾਲਕ ਹੇਮੰਤ ਕੱਕੜ ਲੱਕੀ ਨੇ ਦੱਸਿਆ 25 ਸਾਲਾਂ ਦੇ ਉਨ੍ਹਾਂ ਦੇ ਇਸ ਕਾਰੋਬਾਰ ਦੇ ਇਤਿਹਾਸ ‘ਚ ਪਹਿਲੀ ਵਾਰ ਇੰਨੀ ਵੱਡੀ ਲਾਟਰੀ ਦਾ ਇਨਾਮ ਜ਼ਿਲ੍ਹਾ ਰੋਪੜ ਦੇ ਹਿੱਸੇ ਆਇਆ ਹੈ। ਜਿਸ ਲਈ ਉਹ ਉਨ੍ਹਾਂ ਨੂੰ ਮੁਬਾਰਕਬਾਦ ਭੇਟ ਕਰਦੇ ਹਨ ਅਤੇ ਜਲਦੀ ਹੀ ਉਹ ਡਾਇਰੈਕਟਰ ਦਫਤਰ ਤੋਂ ਲੈਟਰੀ ਦੀ ਟਿਕਟ ਕੈਸ ਕਰਵਾ ਕੇ ਉਨ੍ਹਾਂ ਨੂੰ ਉਕਤ ਇਨਾਮ ਰਾਸੀ ਦਿਲਾਉਣਗੇ।

ਵਿਦੇਸ਼ ‘ਚ 2 ਬੇਗੁਨਾਹ ਪੰਜਾਬੀ ਕਤਲ ਦੇ ਮਾਮਲੇ ‘ਚ ਹੋਏ ਗ੍ਰਿਫ਼ਤਾਰ, ਮੰਤਰੀ ਧਾਲੀਵਾਲ ਨੇ ਇੰਝ ਕਰਵਾਏ ਰਿਹਾਅ

ਅੰਮ੍ਰਿਤਸਰ 29 ਜਨਵਰੀ। ਅੰਮ੍ਰਿਤਸਰ ਦੇ 2 ਨੌਜਵਾਨ ਨੌਕਰੀ ਦੀ ਭਾਲ ’ਚ ਵਿਦੇਸ ਗਏ, ਜਿੱਥੇ ਉਨ੍ਹਾਂ ਨੇ ਇਕ ਰੈਸਟੋਰੈਂਟ ’ਚ ਕੰਮ ਕੀਤਾ। ਆਪਣੀ ਨੌਕਰੀ ਦੌਰਾਨ ਗਾਹਕਾਂ ਨੂੰ ਖਾਣਾ ਪਰੋਸਦੇ ਸਮੇਂ ਫੂਡ ਪੁਆਇਜਨਿੰਗ ਕਾਰਨ 8 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਰੈਸਟੋਰੈਂਟ ਮਾਲਕ ਦੇ ਨਾਲ ਉੱਥੇ ਕੰਮ ਕਰਨ ਵਾਲੇ 2 ਭਾਰਤੀ ਨੌਜਵਾਨਾਂ ਨੂੰ ਵੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਰਹਿਣ ਵਾਲੇ ਦੋਵਾਂ ਨੌਜਵਾਨਾਂ ਦੇ ਇਕ ਦੋਸਤ ਨੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਹ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਪਰਿਵਾਰ ਦੇ ਖਬਰ ਸੁਣ ਕੇ ਹੋਸ਼ ਉੱਡ ਗਏ। ਉਨ੍ਹਾਂ ਨੇ ਪੰਜਾਬ ਦੇ ਐੱਨ.ਆਰ.ਆਈ. ਮੰਤਰਾਲਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਆਪਣੇ ਬੱਚਿਆਂ ਨੂੰ ਛੁਡਾਉਣ ਦੀ ਅਪੀਲ ਕੀਤੀ। ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮਾਮਲੇ ਸਬੰਧੀ ਭਾਰਤੀ ਦੂਤਘਰ ਨਾਲ ਚਰਚਾ ਕੀਤੀ ਅਤੇ ਇਸ ਤੋਂ ਬਾਅਦ ਦੋਵਾਂ ਬੱਚਿਆਂ ਵਿਰੁੱਧ ਕੇਸ ਦਰਜ ਨਾ ਕਰਨ ਲਈ ਕਿਹਾ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਮਦਦ ਨਾਲ ਦੋਵਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਸਰਕਾਰੀ ਮੁਲਾਜਮਾਂ ਨੂੰ ਲੱਗੇਗਾ 5000 ਜੁਰਮਾਨਾ, ਪੰਜਾਬ ਸਰਕਾਰ ਨੇ ਜਾਰੀ ਕੀਤਾ ਸਖਤ ਫਰਮਾਨ

ਕਿਸ਼ਨ ਪਾਲ

ਚੰਡੀਗੜ੍ਹ 29 ਜਨਵਰੀ। ਪੰਜਾਬ ਪਾਰਦਰਸਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸਨਰ ਵੀ.ਕੇ. ਜੰਜੂਆ ਵੱਲੋਂ ਪੰਜਾਬ ਦੇ ਸਾਰੇ ਵਧੀਕ ਡਿਪਟੀ ਕਮਿਸਨਰਾਂ (ਜਨਰਲ) (ਏ.ਡੀ.ਸੀਜ਼.) ਨਾਲ ਪੰਜਾਬ ਪਾਰਦਰਸਤਾ ਅਤੇ ਜਵਾਬਦੇਹੀ ਐਕਟ ਅਧੀਨ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾਉਣ ਸਬੰਧੀ ਵਿਚਾਰ-ਵਟਾਂਦਰਾ ਕਰਨ ਵਾਸਤੇ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਪੀ.ਬੀ.ਟੀ.ਆਰ.ਏ.ਸੀ. ਦੇ ਸਕੱਤਰ ਡਾ. ਨਯਨ ਜੱਸਲ ਵੀ ਮੌਜੂਦ ਸਨ। ਜੰਜੂਆ ਨੇ ਐਕਟ ਅਧੀਨ ਅਪੀਲੀ ਅਥਾਰਟੀਆਂ ਵਜੋਂ ਵਧੀਕ ਡਿਪਟੀ ਕਮਿਸ਼ਨਰ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਪਾਇਆ। ਉਨ੍ਹਾਂ ਦੱਸਿਆ ਕਿ ਨਾਗਰਿਕਾਂ ਨੂੰ ਵਧੀਕ ਡਿਪਟੀ ਕਮਿਸ਼ਨਰ ਕੋਲ ਅਪੀਲ ਦਾਇਰ ਕਰਨ ਦਾ ਪੂਰਾ ਅਧਿਕਾਰ ਹੈ, ਜੋ ਕਿਸੇ ਵੀ ਨਾਮਜਦ ਅਧਿਕਾਰੀ, ਜੋ ਸੇਵਾਵਾਂ ਵਿਚ ਦੇਰੀ ਕਰਦਾ ਜਾਂ ਇਨਕਾਰ ਕਰਦਾ ਪਾਇਆ ਜਾਂਦਾ, ਵਿਰੁੱਧ ਖੁਦ ਨੋਟਿਸ ਵੀ ਲੈ ਸਕਦੇ ਹਨ । ਉਨ੍ਹਾਂ ਅੱਗੇ ਜੋਰ ਦਿੱਤਾ ਕਿ ਵਧੀਕ ਡਿਪਟੀ ਕਮਿਸ਼ਨਰ ਕੋਲ ਜਨਤਾ ਨੂੰ ਸੇਵਾਵਾਂ ਵਿਚ ਦੇਰੀ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ‘ਤੇ 5000 ਰੁਪਏ ਤੱਕ ਦਾ ਜੁਰਮਾਨਾ ਲਗਾਉਣ ਦਾ ਅਧਿਕਾਰ ਵੀ ਹੈ। ਇਸ ਮੀਟਿੰਗ ਦੌਰਾਨ ਇਕ ਪਾਵਰਪੁਆਇੰਟ ਪੇਸਕਾਰੀ

ਸਾਂਝੀ ਕੀਤੀ ਗਈ, ਜਿਸ ਵਿਚ ਦੱਸਿਆ ਗਿਆ ਕਿ ਕਿਵੇਂ ਵਧੀਕ ਡਿਪਟੀ ਕਮਿਸ਼ਨਰ ਜ਼ਿਲ੍ਹਾ ਪੱਧਰ ‘ਤੇ ਸਰਕਾਰੀ ਸੇਵਾਵਾਂ ਦੀ ਸੁਚਾਰੂ ਪਹੁੰਚ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜੰਜੂਆ ਨੇ ਸਾਰੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿਚ ਸਾਰੀਆਂ ਨੋਟੀਫਾਈਡ ਸੇਵਾਵਾਂ ਦੇ ਲੰਬਿਤ ਮਾਮਲਿਆਂ ਬਾਰੇ ਕਮਿਸਨ ਨੂੰ ਮਹੀਨਾਵਾਰ ਰਿਪੋਰਟਾਂ ਦੇਣ ਦੇ ਨਿਰਦੇਸ ਦਿੱਤੇ। ਇਸ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਨੂੰ ਉਨ੍ਹਾਂ ਦੇ ਦਫਤਰ ਵੱਲੋਂ ਸੇਵਾਵਾਂ ਮੁਹੱਈਆ ਕਰਵਾਉਣ ਸਬੰਧੀ ਸਮਾਂ-ਸੀਮਾਵਾਂ ਦੀ ਪਾਲਣਾ ਕਰਨ ਵਿਚ ਅਸਫ਼ਲ ਰਹਿਣ ਵਾਲੇ ਅਧਿਕਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ ਦਾ ਵੇਰਵਾ ਦੇਣ ਵਾਲੀਆਂ ਮਹੀਨਾਵਾਰ ਰਿਪੋਰਟਾਂ ਦੇਣ ਲਈ ਵੀ ਕਿਹਾ। ਨਾਗਰਿਕਾਂ ਨੂੰ ਵੱਡੇ ਪੱਧਰ ‘ਤੇ ਜਾਗਰੂਕ ਕਰਨਾ ਯਕੀਨੀ ਬਣਾਉਣ ਲਈ ਜੰਜੂਆ ਨੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਸਾਰੇ ਸੇਵਾ ਕੇਂਦਰਾਂ ‘ਤੇ ਬੋਰਡ ਲਗਾਉਣ ਦੇ ਨਿਰਦੇਸ ਵੀ ਦਿੱਤੇ, ਜਿਸ ਵਿਚ ਸਾਰੀਆਂ ਨੋਟੀਫਾਈਡ ਸੇਵਾਵਾਂ ਦ